# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES

WORLD PUNJABI TIMES
REACHING THE WORLD

A Punjabi News Protal & Epaper From Winnipeg, Canada
Visit us at : www.worldpunjabitimes.com
Mob: 98772-46588, +1 (418) 887-0162

Epaper World Punjabi Times 12 ਮਾਰਚ 2024 ਦਿਨ ਮੰਗਲਵਾਰ ਈ-ਪੇਪਰ ਵਰਲਡ ਪੰਜਾਬੀ ਟਾਈਮਜ਼


## ਉਪਲੀ ਪਿੰਡ ਦੇ ਸੇਵਾ ਨਿਵਿਰਤ ਮੁਲਾਜ਼ਮਾਂ ਦੀ ਪਲੇਠੀ ਮੀਟਿੰਗ ਹੋਈ

ਵਰਲਡ ਪੰਜਾਬੀ ਟਾਈਮਜ਼
ਸੁਰਿੰਦਰ ਪਾਲ ਉਪਲੀ



ਸੰਗਰੂਰ 12 ਮਾਰਚ : ਅਜ ਪਿੰਡ ਉੱਪਲੀ (ਸੰਗਰੂਰ) ਦੇ ਸਰਕਾਰੀ ਮੁਲਾਜਮਾਂ ਅਤੇ ਪੈਨਸ਼ਨਰਾਂ ਦੇ ਗਰੁੱਪ ਦੀ ਪਹਿਲੀ ਮੀਟਿੰਗ ਡਿਵਾਈਨ ਹੋਟਲ, ਸੰਗਰੂਰ ਵਿੱਖੇ ਹੋਈ।ਇਸ ਪਹਿਲੀ ਮੀਟਿੰਗ ਵਿੱਚ ਉਪਲੀ ਪਿੰਡ ਦੇ ਵਿਕਾਸ ਵਾਸਤੇ ਕਈ ਮਹੱਤਵ ਪੂਰਣ ਮੁੱਦਿਆਂ ਤੇ ਵਿਚਾਰ ਵਟਾਂਦਰਾ ਕੀਤਾ ਗਿਆ , ਸਾਰਿਆਂ ਨੇ ਹਾਂ ਪੱਖੀ ਹੁੰਗਾਰਾ ਭਰਿਆ। ਮੀਟਿੰਗ ਵਿੱਚ ਜਗਰੂਪ ਸਿੰਘ ਸਿੱਧੂ ਨੇ ਆਪਣੇ ਦੋਹਤੇ ਦੇ ਆਰਮੀ ਅਫਸਰ ਬਣਨ ਦੀ ਖੁਸ਼ੀ ਵਿੱਚ ਪਾਰਟੀ ਦਿੱਤੀ।

ਮੀਟਿੰਗ ਵਿੱਚ ਮਾਸਟਰ ਜਗਰੂਪ ਸਿੰਘ ਸਿੱਧੂ, ਮਾਸਟਰ ਨਿਰਭੈ ਸਿੰਘ ਚਾਹਿਲ, ਸ ਰਣਧੀਰ ਸਿੰਘ ਚੌਹਾਨ ਰਿਟਾਇਰਡ ਬ੍ਰਾਂਚ ਮੈਨੇਜਰ, ਸ ਸ਼ੇਰ ਸਿੰਘ ਧਨੋਆ ਰਿਟਾਇਰਡ ਬੈਂਕ ਮੈਨੇਜਰ, ਸ਼੍ਰੀ ਪਰਵਿੰਦਰ ਕੁਮਾਰ ਗਰਗ ਏਜੀਐਮ ਬੀਐਸਐਨਐਲ ਸ਼੍ਰੀ ਸੁਰਿੰਦਰ ਪਾਲ ਐਸ ਡੀ ਓ ਬੀਐਸਐਨਐਲ, ਸ ਪਰਮਜੀਤ ਸਿੰਘ ਮੰਡੇਰ ਐਸ ਡੀ ਓ ਬੀਐਸਐਨਐਲ, ਸ਼੍ਰੀ ਅਮਰ ਨਾਥ ਐਸ ਡੀ ਓ ਬੀਐਸਐਨਐਲ, ਸ ਗੁਰਲਾਲ ਸਿੰਘ ਸਿੱਧੂ ਏ ਐਸ ਆਈ ਪੁਲਿਸ, ਪ੍ਰਿੰਸੀਪਲ ਸ ਸੁਖਵੀਰ ਸਿੰਘ ਚੌਹਾਨ ਅਤੇ ਹੋਰ ਮੈਂਬਰ ਸਾਹਿਬਾਨ ਨੇ ਸ਼ਮੂਲੀਅਤ ਕੀਤੀ।
ਮੀਟਿੰਗ ਦੇ ਆਖਿਰ ਵਿੱਚ ਸ ਸੁਖਵੀਰ ਸਿੰਘ ਚੌਹਾਨ ਨੇ ਸ ਜਗਰੂਪ ਸਿੰਘ ਸਿੱਧੂ ਦਾ ਸਾਰੇ ਮੈਂਬਰ ਸਾਹਿਬਾਨਾਂ ਵੱਲੋਂ ਵਿਸ਼ੇਸ ਤੌਰ ਤੇ ਦਿਲੋਂ ਧੰਨਵਾਦ ਕੀਤਾ। ਮੀਟਿੰਗ ਵਿੱਚ ਬਹੁਤਿਆਂ ਨੇ ਮਰਨ ਉਪਰੰਤ,ਆਪਣਾ ਸਰੀਰ ਮੈਡੀਕਲ ਖੋਜ ਕਾਰਜਾਂ ਲਈ ਪ੍ਰਦਾਨ ਕਰਨ ਲਈ ਕਿਹਾ।

## 'ਪਿੰਡ ਲਾਲੇਆਣਾ ਵਿਖ਼ੇ ਅਨੇਕਾਂ ਪਰਿਵਾਰ ਭਾਜਪਾ ਵਿੱਚ ਸ਼ਾਮਲ'

### ਅਗਾਮੀ ਲੋਕ ਸਭਾ ਚੋਣਾ ਵਿੱਚ ਫਿਰ ਤੋਂ ਬਣੇਗੀ ਭਾਜਪਾ ਦੀ ਸਰਕਾਰ : ਕੱਕੜ/ਨਾਰੰਗ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ



ਕੋਟਕਪੂਰਾ, 12 ਮਾਰਚ : ਅੱਜ ਭਾਰਤੀ ਜਨਤਾ ਪਾਰਟੀ ਜਿਲਾ ਫਰੀਦਕੋਟ ਵਲੋ ਵਿਧਾਨ ਸਭਾ ਕੋਟਕਪੂਰਾ ਦੇ ਪਿੰਡ ਲਾਲੇਆਣਾ ਵਿਖੇ ਜਿਲਾ ਪ੍ਰਧਾਨ ਗੌਰਵ ਕਕੜ ਦੀ ਅਗਵਾਈ ਹੇਠ ਘੱਟ ਗਿਣਤੀ ਮੋਰਚਾ ਦੀ ਟੀਮ ਵਿੱਚ ਵਾਧਾ ਕਰਦਿਆਂ ਮੋਹੰਮਦ ਹੁਸੈਨ ਜਿਲਾ ਪ੍ਰਧਾਨ ਘੱਟ ਗਿਣਤੀ ਮੋਰਚਾ ਨੇ ਪਿੰਡ ਦੇ ਟੀਪੂ ਸੁਲਤਾਨ ਨਾਮੀ ਨੌਜਵਾਨ ਨੂੰ ਜਿਲੇ ਦਾ ਉਪ ਪ੍ਰਧਾਨ ਲਾਇਆ ਅਤੇ ਪਿੰਡ ਦੇ ਹੀ ਕਈ ਮੁਸਲਿਮ ਪਰਿਵਾਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀਆਂ ਲੋਕ ਪੱਖੀ ਨੀਤੀਆਂ ਤੋਂ ਖੁਸ਼ ਆ ਕੇ ਭਾਰਤੀ ਜਨਤਾ ਪਾਰਟੀ ਦਾ ਪੱਲਾ ਫੜਿਆ। ਜਿਲਾ ਪ੍ਰਧਾਨ ਗੌਰਵ ਕਕੜ ਨੇ ਪਾਰਟੀ ਦਾ ਸਿਰੋਪਾਉ ਪਾ ਕੇ ਓਹਨਾ ਨੂੰ ਪਾਰਟੀ ਵਿੱਚ ਸ਼ਾਮਿਲ ਕਰਦਿਆਂ ਵਿਸ਼ਵਾਸ਼ ਦਿਵਾਇਆ ਕਿ ਉਹਨਾਂ ਨੂੰ ਪਾਰਟੀ ਵਿੱਚ ਬਣਦਾ ਪੂਰਾ ਮਾਣ-ਸਨਮਾਨ ਦਿੱਤਾ ਜਾਵੇਗਾ। ਕੀਤਾ। ਆਪਣੇ ਸੰਬੋਧਨ ਦੌਰਾਨ ਜਿਲਾ ਪ੍ਰਧਾਨ ਗੌਰਵ ਕੱਕੜ ਅਤੇ ਜਿਲਾ ਮੀਤ ਪ੍ਰਧਾਨ ਰਾਜਨ ਨਾਰੰਗ ਨੇ ਦੱਸਿਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਜੀ ਦੀ ਅਗਵਾਈ ਹੇਠ ਕੇਂਦਰ ਸਰਕਾਰ ਵਲੋਂ ਚਲਾਈਆਂ ਜਾ ਰਹੀਆਂ ਲੋਕ ਭਲਾਈ ਸਕੀਮਾਂ ਦਾ ਅਨੇਕਾਂ ਲੋਕ ਲਾਭ ਲੈ ਰਹੇ ਹਨ। ਉਹਨਾਂ ਆਖਿਆ ਕਿ ਆਉਣ ਵਾਲੀਆਂ ਲੋਕ ਸਭਾ ਚੋਣਾ ਵਿੱਚ ਫਿਰ ਤੋਂ ਕੇਂਦਰ ਵਿੱਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਹੇਠ ਭਾਜਪਾ ਦੀ ਸਰਕਾਰ ਬਣਨ ਜਾ ਰਹੀ ਹੈ। ਇਸ ਮੌਕੇ ਹੋਰਨਾਂ ਤੋਂ ਇਲਾਵਾ ਜਿਲਾ ਮਹਾਮੰਤਰੀ ਪ੍ਰੇਮ ਸਿੰਘ ਸਫਰੀ, ਧਰਮਪ੍ਰੀਤ ਸਿੰਘ ਧਾਮੀ ਸਮੇਤ ਹੋਰ ਪਤਵੰਤੇ-ਸੱਜਣ ਵੀ ਸ਼ਾਮਿਲ ਸਨ।

## ਬਾਬਾ ਫਰੀਦ ਲਾਅ ਕਾਲਜ ਦੇ ਵਿਦਿਆਰਥੀਆਂ ਨੇ ਕੀਤਾ ਨੈਸ਼ਨਲ ਲੋਕ ਅਦਾਲਤ ਦਾ ਦੌਰਾ

ਵਰਲਡ ਪੰਜਾਬੀ ਟਾਈਮਜ਼

ਫਰੀਦਕੋਟ , 12 ਮਾਰਚ : ਬਾਬਾ ਫਰੀਦ ਲਾਅ ਕਾਲਜ ਫਰੀਦਕੋਟ ਵਿੱਚ ਮਾਨਯੋਗ ਚੇਅਰਮੈਨ ਸਵ. ਇੰਦਰਜੀਤ ਸਿੰਘ ਖਾਲਸਾ ਜੀ ਦੀ ਸੋਚ ਨੂੰ ਅਗਾਂਹ ਵਧਾਉਂਦੇ ਹੋਏ ਪ੍ਰਿੰਸੀਪਲ ਸ਼੍ਰੀ ਪੰਕਜ ਕੁਮਾਰ ਗਰਗ ਦੀ ਅਗਵਾਈ ਹੇਠ ਕਾਲਜ ਦੇ ਵਿਦਿਆਰਥੀਆਂ ਨੇ ਨੈਸ਼ਨਲ ਲੋਕ ਅਦਾਲਤ ਦਾ ਦੌਰਾ ਕੀਤਾ। ਇਸ ਵਿੱਚ ਕਾਲਜ ਦੇ ਵਿਦਿਆਰਥੀਆਂ ਗੀਤਾਂਜਲੀ,





ਨਵਦੀਪ, ਹਰਸਿਰਮਨ, ਜਸਵਿੰਦਰ, ਆਰਜੂ, ਰਾਬੀਆ, ਅਰਸ਼ਦੀਪ, ਪਰਵੀਨ, ਜਸਪ੍ਰੀਤ ਅਤੇ ਗਰਿਮਾ ਨੇ ਸ਼੍ਰੀ ਪੰਕਜ (ਮੂਟ ਇੰਚਾਰਜ) ਦੀ ਨਿਗਰਾਨੀ ਹੇਠ ਲੋਕ ਅਦਾਲਤ ਦੀ ਕਾਰਵਾਈ ਦੀ ਜਾਣਕਾਰੀ ਹਾਸਿਲ ਕੀਤੀ। ਇਸ ਮੌਕੇ ਜੱਜ ਸ਼੍ਰੀ ਅਜੀਤਪਾਲ ਸਿੰਘ (ਚੀਫ ਜੁਡੀਸ਼ੀਅਲ ਮੈਜਿਸਟ੍ਰੇਟ, ਜਿਲਾ ਕਾਨੂੰਨੀ ਸੇਵਾਵਾਂ ਅਥਾਰਿਟੀ, ਫਰੀਦਕੋਟ) ਨੇ ਵਿਦਿਆਰਥੀਆਂ ਨੂੰ ਦੱਸਿਆ ਕਿ ਲੋਕ ਅਦਾਲਤ ਵਿੱਚ ਕਿਵੇਂ ਸਿਵਲ ਕੇਸਾਂ, ਫੈਮਿਲੀ ਕੇਸਾਂ ਅਤੇ ਚੈੱਕ ਡਿਸਆਨਰ ਕੇਸਾਂ ਅਤੇ ਛੋਟੇ ਅਪਰਾਧਿਕ ਕੇਸਾਂ ਵਿੱਚ ਰਾਜੀਨਾਮਾ ਕਰਵਾ ਕੇ ਜਲਦੀ ਕੇਸਾਂ ਦਾ ਨਿਪਟਾਰਾ ਕੀਤਾ ਜਾਂਦਾ ਹੈ। ਵਿਦਿਆਰਥੀਆਂ ਦੇ ਕਾਲਜ ਵਿਖੇ ਪੁੱਜਣ ਤੇ ਕਾਲਜ ਦੇ ਪ੍ਰਿੰਸੀਪਲ ਸ਼੍ਰੀ ਪੰਕਜ ਕੁਮਾਰ ਗਰਗ ਨੇ ਜਿਲਾ ਮੁਫਤ ਕਾਨੂੰਨੀ ਸੇਵਾਵਾਂ ਅਥਾਰਿਟੀ ਦਾ ਧੰਨਵਾਦ ਕੀਤਾ, ਜਿਨ੍ਹਾਂ ਨੇ ਵਿਦਿਆਰਥੀਆਂ ਨੂੰ ਅਦਾਲਤੀ ਸਿਸਟਮ ਬਾਰੇ ਜਾਣੂ ਕਰਵਾਇਆ। ਅੰਤ ਵਿੱਚ ਇੰਚਾਰਜ ਅਕੈਡਮਿਕ ਡਾ. ਨਵਜੋਤ ਕੌਰ ਨੇ ਵਿਦਿਆਰਥੀਆਂ ਨੂੰ ਇਸ ਦੌਰੇ ਦੀ ਸਫਲਤਾ ਲਈ ਵਧਾਈ ਦਿੱਤੀ।

## ਦਸਮੇਸ਼ ਸਕੂਲ ਭਾਣਾ ਦਾ ਸਲਾਨਾ ਇਨਾਮ ਵੰਡ ਸਮਾਰੋਹ ਮਿੱਠੀਆਂ ਯਾਦਾਂ ਦੇ ਕੇ ਹੋ ਨਿਬੜਿਆ

ਵਰਲਡ ਪੰਜਾਬੀ ਟਾਈਮਜ਼
ਟਿੰਕੂ ਕੁਮਾਰ





ਕੋਟਕਪੂਰਾ, 12 ਮਾਰਚ : ਦਸਮੇਸ਼ ਮਾਡਰਨ ਸਕੂਲ ਭਾਣਾ ਵਿਖੇ ਸਹਿ-ਪਾਠਕ੍ਰਮ ਗਤੀਵਿਧੀਆਂ ਸ਼ੈਸ਼ਨ 2023-24 ਦਾ ਇਨਾਮ ਵੰਡ ਸਮਾਰੋਹ ਬਹੁਤ ਮਿੱਠੀਆਂ ਯਾਦਾਂ ਦੇ ਕੇ ਹੋ ਨਿਬੜਿਆ। ਸਮਾਰੋਹ ਦੇ ਮੁੱਖ ਮਹਿਮਾਨ ਕਰਨ ਬਰਾੜ ਸੀਡੀਪੀਓ ਡਾ. ਹਰਨੀਤ ਯੂ.ਐੱਸ.ਏ. ਪੁੱਤਰੀ ਗੁਰਦੇਵ ਸਿੰਘ ਬਰਾੜ ਨੂੰ ਸੰਸਥਾ ਦੇ ਸਰਪ੍ਰਸਤ ਅਜਮੇਰ ਸਿੰਘ ਧਾਲੀਵਾਲ, ਚੇਅਰਮੈਨ ਕਰਨਵੀਰ ਸਿੰਘ ਧਾਲੀਵਾਲ ਨੇ ਜੀ ਆਇਆਂ ਆਖਿਆ। ਨਰਸਰੀ ਵਿੰਗ ਦੇ ਨੰਨ੍ਹੇ-ਮੁੰਨ੍ਹੇ ਬੱਚਿਆਂ ਨੇ "ਵੈੱਲਕਮ ਸੌਂਗ" ਦੀ ਪੇਸ਼ਕਾਰੀ ਕੀਤੀ। ਮੁੱਖ ਮਹਿਮਾਨ ਅਤੇ ਸਕੂਲ ਦੇ ਪ੍ਰਬੰਧਕਾਂ ਨੇ ਰੰਗੋਲੀ, 'ਬਿਨਾ ਅੱਗ ਤੋਂ ਭੋਜਨ' ਵਿਗਿਆਨ ਪ੍ਰਦਰਸ਼ਨੀ ਕੁਇਜ਼, ਡਾਂਸ, ਸਕਿੱਟ ਪ੍ਰਤੀਯੋਗਤਾ ਅਤੇ ਸਪੋਰਟਸ ਮੀਟ ਵਿੱਚ ਜੇਤੂ ਰਹੇ ਵਿਦਿਆਰਥੀਆ ਨੂੰ ਸਰਟੀਫਿਕੇਟ ਤਕਸੀਮ ਕਰਕੇ ਹੌਂਸਲਾ ਅਫਜ਼ਾਈ ਕੀਤੀ ਗਈ। ਲਿਟਲ ਸਟਾਰ ਹਾਊਸ ਦੇ ਬੱਚਿਆਂ ਵਿੱਚ ਹੋਏ ਰਾਈਮਜ਼ ਮੁਕਾਬਲੇ ਵਿੱਚ ਜੇਤੂ ਬੱਚਿਆਂ ਨੂੰ ਵੀ ਸਨਮਾਨਿਤ ਕੀਤਾ ਗਿਆ। ਸਕੂਲ ਦੀ ਗਿੱਧਾ ਟੀਮ ਨੇ ਪੰਜਾਬੀ ਸੱਭਿਆਚਾਰ ਦੀ ਵੰਨਗੀ ਪੰਜਾਬੀ ਲੋਕਨਾਚ ਗਿੱਧਾ ਪੇਸ਼ ਕਰਕੇ ਸਾਰੇ ਹੀ ਦਰਸ਼ਕਾਂ ਨੂੰ ਨੱਚਣ ਲਈ ਮਜਬੂਰ ਕੀਤਾ। ਸਕੂਲ ਵਿੱਚ ਅੰਤਰ ਹਾਊਸ ਮੁਕਾਬਲੇ ਵੀ ਕਰਵਾਏ ਗਏ, ਜਿਸ ਵਿੱਚ ਮਹਾਂਰਾਜਾ ਰਣਜੀਤ ਸਿੰਘ ਹਾਊਸ ਨੇ ਪਹਿਲਾ ਮੁਕਾਮ ਹਾਸਿਲ ਕੀਤਾ। ਹਾਊਸ ਇੰਚਾਰਜ ਰਿੰਪਲ ਰਾਣੀ ਅਤੇ ਉਹਨਾਂ ਦੇ ਸਹਿਯੋਗੀ ਅਧਿਆਪਕਾਂ ਨੂੰ ਵੀ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ। ਮਨਪ੍ਰੀਤ ਕੌਰ ਅਤੇ ਸ਼ਮਾ ਮਖੀਜਾ ਨੇ ਮੰਚ ਦਾ ਸੰਚਾਲਨ ਬੜੇ ਹੀ ਸੁਚੱਜੇ ਢੰਗ ਨਾਲ ਕੀਤਾ। ਸਮਾਗਮ ਨੂੰ ਸੰਬੋਧਨ ਕਰਦਿਆਂ ਚੇਅਰਮੈਨ ਕਰਨਵੀਰ ਸਿੰਘ ਨੇ ਦੱਸਿਆ ਕਿ ਵਿਦਿਆਰਥੀਆ ਦੇ ਜੀਵਨ ਵਿੱਚ ਸਹਿ-ਪਾਠਕ੍ਰਮ ਗਤੀਵਿਧੀਆਂ ਪਹਿਲਾਂ ਨਾਲੋਂ ਵਧੇਰੇ ਡੂੰਘੀਆਂ ਹੋ ਗਈਆਂ ਹਨ।

## ਸਾਉਣੀ ਦੀਆਂ ਫ਼ਸਲਾਂ ਦੇ ਮੱਦੇਨਜ਼ਰ ਕਿਸਾਨ ਮੇਲਾ ਆਯੋਜਿਤ

ਵਰਲਡ ਪੰਜਾਬੀ ਟਾਈਮਜ਼
ਗੁਰਪ੍ਰੀਤ ਚਹਿਲ





ਬਠਿੰਡਾ, 12 ਮਾਰਚ : ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਦੇ ਖੇਤਰੀ ਖੋਜ ਕੇਦੰਰ, ਬਠਿੰਡਾ ਵਿਖੇ ਸਾਉਣੀ ਦੀਆਂ ਫ਼ਸਲਾਂ ਲਈ ਕਿਸਾਨ ਮੇਲਾ ਲਗਾਇਆ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਕਿਸਾਨਾਂ ਅਤੇ ਕਿਸਾਨ ਬੀਬੀਆਂ ਨੇ ਸ਼ਿਰਕਤ ਕੀਤੀ। ਖੇਤੀ ਨਾਲ ਸਹਾਇਕ ਧੰਦਾ, ਪਰਿਵਾਰ ਸੁਖੀ ਮੁਨਾਫ਼ੇ ਦੇ ਉਦੇਸ਼ ਨਾਲ ਲਗਾਏ ਇਸ ਕਿਸਾਨ ਮੇਲੇ ਵਿੱਚ ਮੁੱਖ ਮਹਿਮਾਨ ਵਜੋ ਸ਼ਿਰਕਤ ਕਰਦਿਆਂ ਵਾਈਸ ਚਾਂਸਲਰ ਪੀ.ਏ.ਯੂ. ਡਾ ਸਤਬੀਰ ਸਿੰਘ ਗੋਸਲ ਨੇ ਕਿਹਾ ਕਿ ਮੇਲਾ ਅਗੇਤਾ ਲਗਾਉਣ ਦੇ ਬਾਵਜੂਦ ਕਿਸਾਨਾਂ ਦਾ ਭਾਰੀ ਇਕੱਠ ਇਸ ਗੱਲ ਦਾ ਸੰਕੇਤ ਹੈ ਕਿ ਯੂਨੀਵਰਸਿਟੀ ਵਲੋਂ ਕੀਤੀਆਂ ਖੋਜਾਂ ਪ੍ਰਤੀ ਕਿਸਾਨਾਂ ਦਾ ਅਥਾਹ ਵਿਸ਼ਵਾਸ ਹੈ।

ਨਰਮਾ ਪੱਟੀ ਵਜੋਂ ਜਾਣੇ ਜਾਂਦੇ ਇਸ ਖੇਤਰ ਵਿੱਚ ਨਰਮੇ ਦੀ ਕਾਸ਼ਤ ਅਧੀਨ ਘੱਟ ਰਹੇ ਰਕਬੇ ਤੇ ਚਿੰਤਾ ਪ੍ਰਗਟ ਕਰਦਿਆਂ ਉਨ੍ਹਾਂ ਦੱਸਿਆ ਕਿ ਨਰਮੇ ਦੀ ਕਾਸ਼ਤ ਸੱਤ ਲੱਖ ਹੈਕਟੇਅਰ ਵਿੱਚ ਕੀਤੀ ਜਾਂਦੀ ਸੀ ਲੇਕਨ ਹੁਣ ਇਹ ਰਕਬਾ ਸਿਰਫ਼ ਢਾਈ ਲੱਖ ਹੈਕਟੇਅਰ ਰਹਿ ਗਿਆ ਹੈ। ਝੋਨੇ ਦੀਆਂ ਪੀ.ਆਰ-126 ਅਤੇ ਪੀ.ਆਰ-131 ਕਿਸਮਾਂ ਦੀ ਸਿਫ਼ਾਰਿਸ਼ ਕਰਦਿਆਂ ਉਨ੍ਹਾਂ ਨੇ 33 ਪ੍ਰਤੀਸ਼ਤ ਪੌਸਟਿਕ ਤੱਤ ਪਰਾਲੀ ਵਿੱਚ ਹੀ ਹੋਣ ਕਰਕੇ ਪਰਾਲੀ ਨੂੰ ਖੇਤਾਂ ਵਿੱਚ ਹੀ ਰੱਖਣ ਦੀ ਤਾਕੀਦ ਕੀਤੀ।

ਘਰੇਲੂ ਲੋੜਾਂ ਵਾਸਤੇ ਸਬਜ਼ੀਆਂ ਅਤੇ ਫ਼ਲਾਂ ਲਈ ਪੌਸ਼ਟਿਕ ਬਗੀਚੀ ਲਾਉਣ ਦਾ ਸੁਝਾਅ ਦਿੰਦਿਆਂ ਡਾ ਗੋਸਲ ਨੇ ਯੂਨੀਵਰਸਿਟੀ ਵੱਲੋਂ ਤਿਆਰ ਕੀਤੀਆਂ ਜਾਂਦੀਆਂ ਸਬਜ਼ੀਆਂ, ਚਾਰੇ, ਤੇਲ ਬੀਜ ਅਤੇ ਦਾਲਾਂ ਦੇ ਬੀਜਾਂ ਦੀਆਂ ਕਿੱਟਾਂ ਖਰੀਦਣ ਦੀ ਸਿਫ਼ਾਰਿਸ਼ ਕੀਤੀ। ਕਣਕ ਨੂੰ ਗੁੱਲੀ ਡੰਡੇ ਵਰਗੇ ਨਦੀਨਾਂ ਤੋਂ ਬਚਾਉਣ ਅਤੇ ਜਲ ਸੋਮਿਆਂ ਦੀ ਬੱਚਤ ਕਰਨ ਲਈ ਉਨ੍ਹਾਂ ਨੇ ਸਰਫ਼ੇਸ ਸੀਡਰ ਨਾਲ ਕਣਕ ਦੀ ਬਿਜਾਈ ਕਰਨ ਲਈ ਕਿਹਾ।

ਯੂਨੀਵਰਸਿਟੀ ਦੇ ਹਫ਼ਤਾਵਾਰ ਡਿਜੀਟਲ ਅਖ਼ਬਾਰ ਖੇਤੀ ਸੰਦੇਸ਼, ਪੀ.ਏ.ਯੂ. ਯੂ-ਟਿਊਬ ਚੈਨਲ, ਇੰਸਟਾਗ੍ਰਾਮ ਅਤੇ ਪੀ.ਏ.ਯੂ. ਫੇਸ ਬੁੱਕ ਬਾਰੇ ਜਾਣਕਾਰੀ ਦਿੰਦਿਆਂ ਡਾ ਗੋਸਲ ਨੇ ਕਿਸਾਨਾਂ ਨੂੰ ਪੀ.ਏ.ਯੂ. ਦੇ ਵੱਟਸਅੱਪ ਗਰੁੱਪਾਂ ਅਤੇ ਵੈਬਸਾਈਟ www.pau.edu ਨਾਲ ਜੁੜਨ ਦੀ ਅਪੀਲ ਕੀਤੀ।

ਇਸ ਮੌਕੇ ਨਿਰਦੇਸ਼ਕ ਖੋਜ, ਪੀ.ਏ.ਯੂ. ਨੇ ਯੂਨੀਵਰਸਿਟੀ ਡਾ ਅਜਮੇਰ ਸਿੰਘ ਢੱਟ, ਵੱਲੋਂ ਵਿਕਸਤ ਕੀਤੀਆਂ ਗਈਆਂ ਫ਼ਸਲ ਉਤਪਾਦਨ, ਪੌਦ ਸੁਰੱਖਿਆ ਅਤੇ ਉਤਪਾਦਨ ਤਕਨੀਕਾਂ ਦੀ ਜਾਣਕਾਰੀ ਦਿੰਦਿਆਂ ਦੱਸਿਆ ਕਿ ਖੇਤੀ ਮਾਹਿਰਾਂ ਵੱਲੋਂ ਵੱਖੋ-ਵੱਖ ਫ਼ਸਲਾਂ ਦੀਆਂ 950 ਤੋਂ ਵੱਧ ਕਿਸਮਾਂ ਵਿਕਸਤ ਅਤੇ ਹਜ਼ਾਰਾਂ ਤਕਨੀਕਾਂ ਸਿਫ਼ਾਰਿਸ਼ ਕੀਤੀਆਂ ਜਾ ਚੁੱਕੀਆਂ ਹਨ। ਪਾਣੀ ਨੂੰ ਖੇਤੀ ਅਤੇ ਸਮੁੱਚੀ ਵਨਸਪਤੀ ਲਈ ਮਹੱਤਵਪੂਰਨ ਦੱਸਦਿਆਂ ਉਨ੍ਹਾਂ ਨੇ ਇਸ ਦੀ ਸੰਜਮ ਨਾਲ ਵਰਤੋਂ ਕਰਨ, ਘੱਟ ਪਾਣੀ ਲੈਣ ਵਾਲੀਆਂ ਫ਼ਸਲਾਂ ਦੀ ਕਾਸ਼ਤ ਕਰਨ, ਅਗੇਤਾ ਝੋਨਾ ਨਾ ਬੀਜਣ ਅਤੇ ਪਰਾਲੀ ਨੂੰ ਖੇਤਾਂ ਵਿੱਚ ਹੀ ਰੱਖਣ ਦੀ ਸਿਫ਼ਾਰਸ਼ ਕੀਤੀ। ਡਾ ਢੱਟ ਨੇ ਖੇਤੀ ਮਾਹਿਰਾਂ ਵੱਲੋਂ ਵਿਕਸ਼ਤ ਕੀਤੀ ਗਈ ਬਾਸਮਤੀ ਦੀ ਨਵੀ ਕਿਸਮ ਪੂਸਾ ਬਾਸਮਤੀ 1847, ਚਾਰਾ ਮੱਕੀ (ਜੇ-1008), ਮੌਟੇ ਅਨਾਜਾਂ ਦੀ ਕਿਸਮ ਪੀ.ਸੀ.ਬੀ 167 ਅਤੇ ਪੰਜਾਬ ਚੀਨਾ 1 ਤੋਂ ਇਲਾਵਾ ਬੈਗਣਾਂ ਦੀ ਹਾਈਬ੍ਰਿਡ, ਤਰਬੂਜ ਦੀ ਨਵੀਂ ਕਿਸਮ (ਪੰਜਾਬ ਮਿਠਾਸ) ਖਰਬੂਜੇ ਵਿੱਚ ਬੌਬੀ ਵੰਨਗੀ (ਪੰਜਾਬੀ ਅੰਮ੍ਰਿਤ) ਤੋਂ ਇਲਾਵਾ ਜਾਮਣਾਂ ਦੀਆਂ ਨਵੀਆਂ ਕਿਸਮਾਂ ਕੋਕਨ ਅਤੇ ਗੋਮਾ ਦਾ ਜ਼ਿਕਰ ਵੀ ਕੀਤਾ।

ਡਾ ਢੱਟ ਨੇ ਫੁੱਲਾਂ ਤੋਂ ਗੁਲਾਲ ਬਨਾਉਣ, ਸੋਇਆਬੀਨ ਤੋਂ ਸੁੱਕਾ ਦੁੱਧ ਅਤੇ ਮੋਟੇ ਅਨਾਜ਼ਾਂ ਤੋਂ ਵੱਖ-ਵੱਖ ਕਿਸਮ ਦੇ ਪਦਾਰਥ ਤਿਆਰ ਕਰਨ ਦੀਆਂ ਪ੍ਰੋਸੈਸਿੰਗ ਤਕਨੀਕਾਂ ਦੇ ਨਾਲ-ਨਾਲ ਉਤਪਾਦਨ ਦੀਆਂ 6 ਤਕਨੀਕਾਂ ਅਤੇ ਡਰੋਨ ਚਲਾਉਣ ਦੀ ਤਕਨੀਕ ਵੀ ਸਾਂਝੀ ਕੀਤੀ।

ਨਿਰਦੇਸ਼ਕ ਪਸਾਰ ਸਿੱਖਿਆ, ਪੀ.ਏ.ਯੂ. ਡਾ ਮੱਖਣ ਸਿੰਘ ਭੁੱਲਰ ਨੇ ਕਿਸਾਨਾਂ ਮੇਲੇ ਵਿੰਚ ਸ਼ਿਰਕਤ ਕਰ ਰਹੇ ਪਤਵੰਤਿਆਂ, ਵਿਗਿਆਨੀਆਂ ਅਤੇ ਕਿਸਾਨਾਂ ਨੂੰ ਨਿੱਘਾ ਜੀ ਆਇਆਂ ਕਹਿੰਦਿਆਂ 14-15 ਮਾਰਚ ਨੂੰ ਪੀ.ਏ.ਯੂ. ਕੈਂਪਸ ਲੁਧਿਆਣਾ ਵਿਖੇ ਲੱਗਣ ਵਾਲੇ ਕਿਸਾਨ ਮੇਲੇ ਵਿੱਚ ਵੱਧ ਚੜ੍ਹ ਕੇ ਪਹੁੰਚਣ ਦੀ ਅਪੀਲ ਕੀਤੀ। ਯੂਨੀਵਰਸਿਟੀ ਵੱਲੋਂ ਪ੍ਰਕਾਸਿਤ ਕੀਤੇ ਜਾਂਦੇ ਖੇਤੀ ਸਹਿਤ ਨਸ਼੍ਹੂੰ ਪੜ੍ਹ ਕੇ ਵਿਗਿਆਨਿਕ ਲੀਹਾਂ ਤੇ ਖੇਤੀ ਕਰਨ ਦੀ ਪ੍ਰੇਰਨਾ ਕਰਦਿਆਂ ਡਾ ਭੁੱਲਰ ਨੇ ਮਹੀਨਾਵਾਰ ਖੇਤੀ ਰਸਾਲੇ, ਚੰਗੀ ਖੇਤੀ ਅਤੇ ਪ੍ਰੋਗ੍ਰੈਸਿਵ ਫਾਰਮਿੰਗੋ ਦੇ ਵੱਧ ਤੋਂ ਵੱਧ ਮੈਬਂਰ ਬਣਨ ਦੇ ਨਾਲ-ਨਾਲ ਖੇਤੀਬਾੜੀ ਦੀਆਂ ਮੁੱਖ ਸਮੱਸਿਆਵਾਂ ਕਿਤਾਬ ਪੜ੍ਹਨ ਦੀ ਤਾਕੀਦ ਕੀਤੀ। ਰਿਵਾਇਤੀ ਖੇਤੀ ਦੇ ਨਾਲ ਸਹਾਇਕ ਧੰਦਿਆਂ ਨੂੰ ਅਪਨਾਉਣ ਦੀ ਅਪੀਲ ਕਰਦਿਆਂ ਉਨ੍ਹਾਂ ਨੇ ਪੰਜਾਬ ਭਰ ਵਿੱਚ ਪੀ.ਏ.ਯੂ. ਦੇ 18 ਕ੍ਰਿਸ਼ੀ ਵਿਗਿਆਨ ਕੇਦੰਰਾਂ ਵੱਲੋ ਪ੍ਰਦਾਨ ਕੀਤੀਆਂ ਜਾਦੀਆਂ ਸਿਖਿਲਾਈਆਂ ਬਾਰੇ ਵੀ ਜਾਣਕਾਰੀ ਦਿੱਤੀ ਅਤੇ ਖੇਤੀ ਸਬੰਧਿਤ ਸਮੱਸਿਆਵਾਂ ਦੇ ਹੱਲ ਲਈ ਖੇਤੀ ਮਾਹਿਰਾਂ ਨਾਲ ਜੁੜਨ ਲਈ ਕਿਹਾ।

ਮੁੱਖ ਖੇਤੀਬਾੜੀ ਅਫ਼ਸਰ ਡਾ ਕਰਮਜੀਤ ਸਿੰਘ ਗਿੱਲ ਨੇ ਪੰਜਾਬ ਸਰਕਾਰ ਦੀਆਂ ਖੇਤੀ ਸਬੰਧਿਤ ਸਕੀਮਾਂ ਬਾਰੇ ਜਾਣਕਾਰੀ ਦਿੱਤੀ।

ਇਸ ਮੌਕੇ ਖੇਤਰੀ ਖੋਜ ਕੇਦੰਰ, ਬਠਿੰਡਾ ਵੱਲੋਂ ਡਾ ਸਤਿਬੀਰ ਸਿੰਘ ਗੋਸਲ ਦਾ ਵਿਸ਼ੇਸ਼ ਸਨਮਾਨ ਕਰਨ ਤੋਂ ਇਲਾਵਾ ਖੋਜ ਕੇਦੰਰ ਦੇ ਵਿਗਿਆਨੀ ਡਾ ਵੀ.ਪੀ.ਮਿੱਤਲ, ਡਾ ਜਤਿੰਦਰ ਸਿੰਘ ਬਰਾੜ ਅਤੇ ਡਾ ਜਗਦੀਸ਼ ਗਰੋਵਰ ਨੂੰ ਵੀ ਸਨਮਾਨਿਤ ਕੀਤਾ ਗਿਆ। ਰਿਵਾਇਤੀ ਖੇਤੀ ਤੋਂ ਹੱਟ ਕੇ ਬਾਗਬਾਨੀ ਵਿੱਚ ਉਘਾ ਯੋਗਦਾਨ ਪਾਉਣ ਵਜੋਂ ਸ਼੍ਰ: ਬਲਕਾਰ ਸਿੰਘ ਸਪੁੱਤਰ ਸ੍ਰ: ਅਰਜਨ ਸਿੰਘ ਵਾਸੀ ਕਪੂਰਥਲਾ ਨੂੰ ਜਥੇਦਾਰ ਗੁਰਦਿੱਤਾ ਵਿੱਚ ਮਾਹਲ ਯਾਦਗਾਰੀ ਪੁਰਸ਼ਕਾਰ ਨਾਲ ਸਨਮਾਨਿਤ ਕੀਤਾ ਗਿਆ। ਯੂਨੀਵਰਸਿਟੀ ਅਧਿਕਾਰੀਆਂ ਵੱਲੋ ਪੰਜਾਬ ਦੀਆਂ ਫ਼ਸਲਾਂ ਦੀਆਂ ਸਿਫ਼ਾਰਿਸ਼ਾਂ: ਸਾਉਣੀ 2024 ਨੂੰ ਰਲੀਜ਼ ਕੀਤਾ ਗਿਆ। ਇਸ ਮੌਕੇ ਸ਼੍ਰ: ਹਰਨੇਕ ਸਿੰਘ ਪਿੰਡ ਤਰਖਾਣਵਾਲਾ ਨੇ ਯੂਨੀਵਰਸਿਟੀ ਇੰਡੋਵਮੈਟਂ ਫੰਡ ਲਈ 6,000 ਰੁਪਏ ਦਿੱਤੇ।

ਮੰਚ ਦਾ ਸੰਚਾਲਣ ਡਾ ਗੁਰਜਿੰਦਰ ਸਿੰਘ ਰੋਮਾਣਾ, ਪ੍ਰਮੁੱਖ ਵਿਗਿਆਨੀ ਨੇ ਕੀਤਾ ਅਤੇ ਧੰਨਵਾਦ ਦੇ ਸ਼ਬਦ ਡਾ ਕਰਜੀਤ ਸਿੰਘ ਸੇਖੋ, ਨਿਰਦੇਸ਼ਕ, ਖੇਤਰੀ ਖੋਜ ਕੇਦੰਰ, ਬਠਿੰਡਾ ਨੇ ਕਹੇ।

## ਅੱਖਾਂ ਦੇ ਚੈਕਅੱਪ ਅਤੇ ਮੁਫ਼ਤ ਲੈਂਜ ਪਾਉਣ ਦਾ ਕੈਂਪ 17 ਮਾਰਚ ਨੂੰ : ਬਰਾੜ

ਵਰਲਡ ਪੰਜਾਬੀ ਟਾਈਮਜ਼

ਫ਼ਰੀਦਕੋਟ , 12 ਮਾਰਚ : ਲਾਇਨਜ਼ ਕਲੱਬ ਫ਼ਰੀਦਕੋਟ ਦੇ ਪ੍ਰਧਾਨ ਪ੍ਰਿੰਸੀਪਲ ਡਾ. ਐਸ.ਐਸ. ਬਰਾੜ, ਸਕੱਤਰ ਅਮਰਦੀਪ ਸਿੰਘ ਗਰੇਵਰ, ਖਜ਼ਾਨਚੀ ਗੁਰਵਿੰਦਰ ਸਿੰਘ ਧੀਂਗੜਾ ਨੇ ਜਾਣਕਾਰੀ ਦਿੱਤੀ ਹੈ ਕਿ ਕਲੱਬ ਵੱਲੋਂ ਹਰ ਸਾਲ ਦੀ ਤਰ੍ਹਾਂ ਅੱਖਾਂ ਦੇ ਲੋੜਵੰਦ ਮਰੀਜ਼ਾਂ ਦੇ ਮੁਫ਼ਤ ਚੈਕਅੱਪ, ਮੁਫ਼ਤ ਲੈਂਜ ਪਾਉਣ ਦਾ ਕੈਂਪ 17 ਮਾਰਚ ਨੂੰ ਚੰਡੀਗੜ ਅੱਖਾਂ ਦੇ ਹਸਪਤਾਲ-ਮਧੂ ਨਰਸਿੰਗ ਹੋਮ, ਫ਼ਿਰੋਜ਼ਪੁਰ ਰੋਡ ਫ਼ਰੀਦਕੋਟ ਵਿਖੇ ਸਵੇਰੇ 8:30 ਵਜੇ ਤੋਂ 2:00 ਵਜੇ ਤੱਕ ਲਗਾਇਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕੈਂਪ ਦੌਰਾਨ ਮਰੀਜ਼ਾਂ ਦਾ ਚੈਕਅੱਪ ਮੁਫ਼ਤ, ਦਵਾਈਆਂ ਮੁਫ਼ਤ, ਟੈਸਟ ਮੁਫ਼ਤ, ਮਰੀਜ਼ਾਂ ਲਈ ਚਾਹ-ਪਾਣੀ ਦਾ ਪ੍ਰਬੰਧ ਕਲੱਬ ਵੱਲੋਂ ਕੀਤਾ ਜਾਵੇਗਾ। ਇਸ ਤਰ੍ਹਾਂ ਕੈਂਪ ਦੌਰਾਨ ਚੁਣੇ ਗਏ ਮਰੀਜ਼ਾਂ ਦੇ ਮੁਫ਼ਤ ਲੈਂਜ ਪਾਏ ਜਾਣਗੇ। ਆਪ੍ਰੇਸ਼ਨਾਂ ਦੌਰਾਨ ਮਰੀਜ਼ਾਂ ਨੂੰ ਰਿਹਾਇਸ਼ ਤੇ ਰੋਟੀ-ਪਾਣੀ ਦਾ ਪ੍ਰਬੰਧ ਕਲੱਬ ਕਰਕੇ ਦੇਵੇਗਾ। ਕੈਂਪ ਦੌਰਾਨ ਆਪ੍ਰੇਸ਼ਨ ਇਲਾਕੇ ਦੇ ਅੱਖਾਂ ਦੇ ਮਾਹਿਰ ਡਾ.ਸੰਜੀਵ ਗੋਇਲ ਅਤੇ ਉਨ੍ਹਾਂ ਦੀ ਟੀਮ ਵੱਲੋਂ ਕੀਤੇ ਜਾਣਗੇ। ਕਲੱਬ ਆਹੁਦੇਦਾਰਾਂ ਨੇ ਸਮੂਹ ਲੋੜਵੰਦ ਮਰੀਜ਼ਾਂ ਨੂੰ ਕੈਂਪ ਦਾ ਲਾਭ ਲੈਣ ਵਾਸਤੇ ਠੀਕ ਸਮੇਂ ਪਹੁੰਚਣ ਦੀ ਅਪੀਲ ਕੀਤੀ ਹੈ। ਉਨ੍ਹਾਂ ਦੱਸਿਆ ਕੈਂਪ ਦੇ ਪ੍ਰਬੰਧ ਮੁਕੰਮਲ ਕਰਨ ਵਾਸਤੇ ਟੀਮਾਂ ਦਾ ਗਠਨ ਕੀਤਾ ਜਾ ਚੁੱਕਾ ਹੈ।



# ਅਦਾਕਾਰੀ ਮੇਰਾ ਪਹਿਲਾ ਪਿਆਰ ਹੈ ਜਨੂੰਨ ਹੈ: ਸੁਸ਼ਮਾ ਪ੍ਰਸ਼ਾਂਤ

ਵਰਲਡ ਪੰਜਾਬੀ ਟਾਈਮਜ਼
ਮੰਗਤ ਗਰਗ



ਸੁਸ਼ਮਾ ਪ੍ਰਸ਼ਾਂਤ ਇੱਕ ਅਜਿਹੀ ਅਭਿਨੇਤਰੀ ਹੈ ਜਿਸਨੇ ਆਪਣੇ ਹਰ ਰੋਲ ਵਿੱਚ ਜਾਨ ਪਾ ਦਿੱਤੀ। ਰੋਲ ਭਾਵੇਂ ਛੋਟਾ ਹੋਵੇ ਜਾਂ ਵੱਡਾ, ਉਸ ਨੇ ਆਪਣਾ ਪੂਰਾ ਧਿਆਨ ਆਪਣੇ ਰੋਲ 'ਤੇ ਹੀ ਰੱਖਿਆ। ਇਹ ਉਹ ਸਮਾਂ ਸੀ ਜਦੋਂ ਸੁਸ਼ਮਾ ਪ੍ਰਸ਼ਾਂਤ ਸਿਨੇਮਾ ਜਗਤ ਵਿੱਚ ਮਸ਼ਹੂਰ ਸੀ। ਦੇਸ਼ ਵਿੱਚ ਹੀ ਨਹੀਂ ਸਗੋਂ ਵਿਦੇਸ਼ਾਂ ਵਿੱਚ ਵੀ ਦਰਸ਼ਕ ਉਸ ਦੀ ਅਦਾਕਾਰੀ ਅਤੇ ਫਿਲਮਾਂ ਦੇ ਦੀਵਾਨੇ ਸਨ।

ਸੁਸ਼ਮਾ ਆਪਣੇ ਵਿਹਾਰ ਅਤੇ ਕੰਮ ਦੋਵਾਂ ਨਾਲ ਹਰ ਕਿਸੇ ਦੇ ਦਿਲ ਵਿੱਚ ਆਪਣੀ ਜਗ੍ਹਾ ਬਣਾ ਲੈਂਦੀ ਹੈ। ਇਹ ਮੇਰੀ ਖੁਸ਼ਕਿਸਮਤੀ ਹੈ ਕਿ ਮੈਂ ਇਸ ਮਹਾਨ ਅਭਿਨੇਤਰੀ ਨੂੰ ਮਿਲਿਆ ਅਤੇ ਉਸ ਨਾਲ ਗੱਲ ਕਰ ਸਕਿਆ। ਉਹ ਬਹੁਤ ਹੀ ਸਾਦਗੀ ਅਤੇ ਮਾਣ ਨਾਲ ਮਿਲੀ। ਇੱਕ ਵੱਡੀ ਅਦਾਕਾਰਾ ਹੋਣ ਦੇ ਬਾਵਜੂਦ ਉਸ ਵਿੱਚ ਹਉਮੈ ਦਾ ਕੋਈ ਨਿਸ਼ਾਨ ਨਹੀਂ ਹੈ।

ਸੁਸ਼ਮਾ ਦੀ ਅਦਾਕਾਰੀ ਵਿੱਚ ਸਭ ਤੋਂ ਅਹਿਮ ਭੂਮਿਕਾ ਉਸ ਦੀਆਂ ਅੱਖਾਂ ਦੀ ਹੈ। ਉਸ ਦੀਆਂ ਅੱਖਾਂ ਐਨੀਆਂ ਬੋਲਦੀਆਂ ਸਨ ਕਿ ਕਈ ਵਾਰ ਉਸ ਨੂੰ ਗੱਲਬਾਤ ਕਰਨ ਦੀ ਲੋੜ ਵੀ ਮਹਿਸੂਸ ਨਹੀਂ ਹੁੰਦੀ ਸੀ। ਉਸ ਦੀ ਸ਼ਖ਼ਸੀਅਤ ਦਾ ਆਕਰਸ਼ਣ ਉਸ ਦੀਆਂ ਅੱਖਾਂ ਦੇ ਨਾਲ-ਨਾਲ ਉਸ ਦੇ ਬੁੱਲ੍ਹ ਵੀ ਸਨ। ਉਸ ਦੇ ਵੱਡੇ-ਵੱਡੇ ਬੁੱਲ੍ਹਾਂ ਵਿਚ ਇਕ ਅਜੀਬ ਜਿਹਾ ਸੁਹਜ ਸੀ, ਜਿਸ ਨੇ ਉਸ ਦੀ ਅਦਾਕਾਰੀ ਨੂੰ ਹੋਰ ਵੀ ਸ਼ਕਤੀਸ਼ਾਲੀ ਬਣਾ ਦਿੱਤਾ ਸੀ।

ਹਿੰਦੀ ਫਿਲਮਾਂ 'ਚ ਵੱਖ-ਵੱਖ ਕਿਰਦਾਰ ਨਿਭਾਉਣ ਵਾਲੀ ਸੁਸ਼ਮਾ ਦਾ ਚਾਹੇ ਫਿਲਮੀ ਕਰੀਅਰ ਲੰਬਾ ਨਹੀਂ ਸੀ। ਪਰ ਇਸ ਛੋਟੇ ਜਿਹੇ ਕਰੀਅਰ ਵਿੱਚ ਸੁਸ਼ਮਾ ਨੇ ਆਪਣੀ ਅਦਾਕਾਰੀ ਨਾਲ ਲੋਕਾਂ ਦੇ ਦਿਲਾਂ ਵਿੱਚ ਵੱਖਰੀ ਥਾਂ ਬਣਾ ਲਈ ਹੈ।

ਸੁਸ਼ਮਾ ਪ੍ਰਸ਼ਾਂਤ ਦਾ ਜਨਮ ਪਿਤਾ ਕ੍ਰਿਸ਼ਨ ਕੁਮਾਰ ਵਰਮਾ ਤੇ ਮਾਤਾ ਸੁਦੇਸ਼ ਵਰਮਾ ਦੇ ਘਰ ਜਲੰਧਰ ਵਿਖੇ ਹੋਇਆ। ਇੱਕ ਦਿਨ ਗਵਾਂਡ ਵਿੱਚ ਰਹਿਣ ਵਾਲੀ ਉਸ ਦੀ ਮੰਮੀ ਦੀ ਇੱਕ ਸਹੇਲੀ ਜਿਸਦਾ ਰਿਸ਼ਤੇਦਾਰ ਜੋ ਉਸ ਸਮੇਂ ਇੱਕ ਪੰਜਾਬੀ ਫ਼ਿਲਮ 'ਜੱਟੀ' ਬਣਾ ਰਿਹਾ ਸੀ, ਉਸਨੇ ਉਤਸ਼ਾਹਿਤ ਕੀਤਾ ਅਤੇ ਜਿਸ ਜਗ੍ਹਾ ਸ਼ੂਟਿੰਗ ਹੋ ਰਹੀ ਸੀ ਮੈਨੂੰ ਉੱਥੇ ਪਹੁੰਚਣ ਨੂੰ ਕਿਹਾ। ਉਹ ਆਪਣੀ ਮੰਮੀ ਜਿਸਨੂੰ (ਝਾਈ ਜੀ) ਕਹਿੰਦੀ ਸੀ ਉਨ੍ਹਾਂ ਨਾਲ ਉੱਥੇ ਪਹੁੰਚ ਗਈ ਅਤੇ ਉਸ ਥਾਂ ਥੋੜ੍ਹੀ ਅੱਗੇ ਛੋਟੀਆਂ,ਵੱਡੀਆਂ ਕੁੜੀਆਂ ਤੇ ਔਰਤਾਂ ਦਾ ਆਡੀਸ਼ਨ ਹੋ ਰਿਹਾ ਸੀ।ਇਸ ਫ਼ਿਲਮ ਦੇ ਇੱਕ ਗੀਤ ਲਈ ਉਸ ਦੀ ਚੋਣ ਹੋ ਗਈ ਜਿਸ ਵਿੱਚ ਕਾਮੇਡੀ ਕਿੰਗ ਮੇਹਰ ਮਿੱਤਲ, ਧੰਨਰਾਜ ਤੇ ਹੋਰ ਕਲਾਕਾਰ ਸਨ। ਇਸ ਗੀਤ ਦੇ ਬੋਲ ਸਨ 'ਜਿਹੜੀ ਗਲੀ ਵਿੱਚ ਕੁੜੀ ਨਾਲ ਪਿਆਰ ਪਾਈਦਾ' ਅਤੇ ਉਸ ਗੀਤ ਵਿੱਚ ਸੁਸ਼ਮਾ ਜੀ ਨੂੰ ਇੱਕ ਛੋਟਾ ਜਿਹਾ ਰੋਲ ਮਿਲਿਆ। ਉਹਨਾਂ ਇੱਕ ਘਟਨਾ ਦਾ ਜ਼ਿਕਰ ਕਰਦਿਆਂ ਦੱਸਿਆ ਕਿ ਇੱਕ ਦਿਨ ਮੈਂ ਅਤੇ ਕੁਝ ਸਹੇਲੀਆਂ ਸਕੂਲ ਤੋਂ ਵਾਪਸ ਘਰ ਆ ਰਹੀਆਂ ਸੀ ਕਿ ਸਾਡੇ ਘਰ ਦੇ ਮਗਰ ਜਲੰਧਰ ਦੂਰਦਰਸ਼ਨ ਦੀ ਕੰਧ ਸੀ ਜੋ ਕਿ ਮਗਰਲੇ ਪਾਸਿਓਂ ਤੋਂ ਥੋੜ੍ਹੀ ਟੁੱਟੀ ਹੋਈ ਸੀ । ਅਸੀਂ ਉਧਰ ਦੀ ਵੜ ਗਈਆਂ ਪਰ ਮੂਹਰਲੇ ਗੇਟ ਅੱਗੇ ਸਕਿਊਰਿਟੀ ਗਾਰਡ ਖੜ੍ਹਾ ਸੀ। ਉਸ ਨੇ ਸਾਨੂੰ ਅੰਦਰ ਨਹੀਂ ਆਉਣ ਦਿੱਤਾ। ਉਧਰੋਂ ਰੰਗਮੰਚ ਦੇ ਉਘੇ ਰੰਗਕਰਮੀ, ਲੇਖਕ ਅਤੇ ਡਾਇਰੈਕਟਰ ਸਰਦਾਰ ਜੀਤ ਸਿੰਘ ਬਾਵਾ , ਬੰਧਨਾਂ ਸ਼ਰਮਾ ਅਤੇ ਸੁਰਿੰਦਰ ਸਾਰਨੀ ਬਾਹਰੋਂ ਚਾਹ ਪੀ ਕੇ ਆ ਰਹੇ ਸੀ । ਜਦ ਉਨ੍ਹਾਂ ਤਿੰਨਾਂ ਦੀ ਨਜ਼ਰ ਇਸ ਕਲਾਕਾਰ ਉੱਤੇ ਪਈ ਤਾਂ ਉਨ੍ਹਾਂ ਨੇ ਪੁੱਛਿਆ ,"ਬੇਟਾ! ਕੀ ਚਾਹੀਦਾ ਹੈ?"ਇਸ ਸੁਣ ਕੇ ਇਸ ਅਦਾਕਾਰਾ ਨੇ ਫੌਰਨ ਹੀ ਉਨਾਂ ਦੀ ਗੱਲ ਦਾ ਜਵਾਬ ਦਿੰਦੇ ਹੋਏ ਕਿਹਾ ," ਮੈਂ ਡਰਾਮੇ ਵਿਚ ਕੰਮ ਕਰਨਾ ਹੈ ,ਜੀ। "ਉਹਨਾਂ ਮੈਨੂੰ ਕਿਹਾ ਕਿ ਇੱਕ ਆਡੀਸ਼ਨ ਹੋਵੇਗਾ ਜਿਸ ਵਿੱਚ ਉਸ ਨੂੰ ਕੁਝ ਡਾਇਲਾਗ ਦਿੱਤੇ ਜਾਣਗੇ ਅਤੇ ਬੋਲਣ ਨੂੰ ਕਿਹਾ ਜਾਵੇਗਾ। ਇਹ ਡਾਇਲਾਗ ਇਸ ਅਦਾਕਾਰਾ ਨੇ ਸਹਿਜੇ ਹੀ ਬੋਲ ਦਿੱਤੇ। ਉਸ ਤੋਂ ਬਾਵਾ ਜੀ ਨੇ ਕਿਹਾ," ਬੇਟਾ ਪੜ੍ਹਾਈ ਜਾਰੀ ਰੱਖੋ। ਕੋਈ ਗੱਲ ਨਹੀਂ ਤਹਾਨੂੰ ਦੱਸ ਦੇਵਾਂਗੇ ਪਰ ਉਹ ਦੂਜੇ ਦਿਨ ਫਿਰ ਉਹ ਦੂਰਦਰਸ਼ਨ ਪਹੁੰਚ ਗਈ। ਉਸ ਦਾ ਆਤਮ ਵਿਸ਼ਵਾਸ ਦੇਖ ਕੇ ਸਰਦਾਰ ਜੀਤ ਨੇ ਕਿਹਾ," ਮੈਂ ਤੇਰੇ ਅੰਦਰ ਇਕ ਚਿਣਗ ਦੇਖੀ ਹੈ ਅਤੇ ਤੈਨੂੰ ਸਿਰਫ਼ ਤਰਾਸ਼ਣ ਦੀ ਲੋੜ ਹੈ । ਤੂੰ ਇੱਕ ਦਿਨ ਕੋਹੇਨੂਰ ਹੀਰਾ ਬਣ ਜਾਵੇਗੀ । ਉਨ੍ਹਾਂ ਕਿਹਾ ਕਿ ਤੂੰ ਪਾਸ ਹੋ ਗਈ। ਇਕ ਦਿਨ ਮੇਰੇ ਬਾਊ ਜੀ ਕਹਿਣ ਲੱਗੇ," ਤੂੰ ਇਹ ਲਾਈਨ ਫੜਨੀ ਨਹੀਂ ਸੀ । ਜੇ ਫੜ ਹੀ ਲਈ ਤਾਂ ਇਸ ਦਾ ਪੱਲਾ ਨਾਂ ਛੱਡੀ। ਉਸ ਨੇ ਏ.ਪੀ.ਜੇ. ਕਾਲਜ ਆਫ ਫਾਇਨ ਆਰਟ ਜਲੰਧਰ ਤੋਂ ਐੱਮ. ਏ. ਕਲਾਸੀਕਲ ਡਾਂਸ ਦੀ ਕੀਤੀ। ਐਦਾਂ ਹੀ ਵਕਤ ਆਪਣੀ ਚਾਲ ਚਲਦਾ ਰਿਹਾ। ਤਿੰਨ ਸਾਲ ਬਾਅਦ ਸਰਦਾਰ ਜੀਤ ਬਾਵਾ ਨੇ (ਡਾਚੀ)- ਨਾਂਮ ਦਾ ਲੜੀਵਾਰ ਸੀਰੀਅਲ ਡਾਇਰੈਕਟ ਕੀਤਾ। ਉਸ ਵਿੱਚ ਉਸ ਨੇ ਮੁੱਖ ਭੂਮਿਕਾ ਨਿਭਾਈ। ਲੜੀਵਾਰ ਸੀਰੀਅਲ 'ਭੇਲੂ ਰਾਮ' , ਗੁਰੂ ਲਾਧੋ ਰੇ, ਕਲਾ ਤੇ ਜ਼ਿੰਦਗੀ ਚ ( ਗੁਰਦਾਸ ਮਾਨ ਦੀ ਭੈਣ ਦਾ ਕਿਰਦਾਰ ਨਿਭਾਇਆ ), ਏਕ ਨੂਰ ਤੁਰਿਆ, ਥੈਕਯੂ ਮਿਸਟਰ ਗਲਾਡ ( ਮੇਨ ਲੀਡ ਰੋਲ ਇਕ ਕ੍ਰਾਂਤੀਕਾਰੀ ਕੁੜੀ ਦਾ ਅਦਾ ਕੀਤਾ ) ਇਹਨਾਂ ਦਾ 1980 ਤੋਂ 1992 ਤੱਕ ਦਾ ਥਿਏਟਰ ਦਾ ਸਫ਼ਰ ਰਿਹਾ ਉਧਰੋਂ ਬੰਧਨਾਂ ਸ਼ਰਮਾ ਦੀ ਬਦਲੀ ਬੰਬੇ ਦੀ ਹੋ ਗਈ ਉਸ ਨੇ ਕਿਹਾ ਮੈਨੂੰ ਕਿਹਾਂ ਕਿ ਜੇ ਆਪਣੇ ਸੁਫ਼ਨਿਆਂ ਨੂੰ ਸਕਾਰ ਕਰਨਾ ਚਾਹੁੰਦੀ ਹੈਂ ਤਾਂ ਬੰਬੇ ਆ ਜਾਵੀਂ। ਉਹ ਆਪਣੀ ਝਾਈ ਜੀ ਨੂੰ ਨਾਲ ਲੈ ਕੇ ਸੁਫ਼ਨਿਆਂ ਦੀ ਮਾਇਆ ਨਗਰੀ ਪਹੁੰਚ ਗਈ। ਕੁਝ ਸਮੇਂ ਬਾਅਦ ਬੀ.ਆਰ. ਚੋਪੜਾ ਨੇ ਉਸ ਦੇ ਅੰਦਰਲੇ ਕਲਾਕਾਰ ਨੂੰ ਪਛਾਣ ਲਿਆ ਅਤੇ ਆਪਣੀ ਫ਼ਿਲਮ 'ਕਲ ਕੀ ਆਵਾਜ਼' ਵਿੱਚ ਮੌਕਾ ਦਿੱਤਾ । ਉਸ ਦਾ ਕਿਰਦਾਰ ਚਾਹੇ ਛੋਟਾ ਸੀ। ਪਰ ਬਹੁਤ ਮਕਬੂਲ ਹੋਇਆ। ਉਸ ਤੋਂ ਬਾਅਦ ਅਨਮੋਲ , ਐਲਾਨ ,ਪਰਮਵੀਰ ਚੱਕਰ, ਤੁਮ੍ਹਾਰ ਕਰਿਆਂ (ਭੋਜਪੁਰੀ ਫ਼ਿਲਮਾ, ਬਾਊ ਜੀ ਤੁਮ੍ਹਾਰ ਵਿਆਹ ਹਿੰਦੀ ਸੀਰੀਅਲ ਚੁੰਨੀ, ਆਪ ਬੀਤੀ, ਅਪਰਾਧੀ ਕੋਣ, ਰਮਾਇਣ ਦੂਜਾ ਭਾਗ, ਸੂਰੀਆਂ ਪੁਰਾਣ, ਪ੍ਰਿਥਵੀ ਰਾਜ਼ ਚੌਹਾਨ, ਸਾਈ ਬਾਬਾ (ਅਨੰਤ ਨਾਗ), ਸ਼ਨੀ ਦੇਵ, ਧਰਮਵੀਰ, ਆਹਟ, ਸੀ ਆਈ ਡੀ, ਪੁਕਾਰ ਕਰਾਇਮ ਪਟਰੋਲ, ਸਾਵਧਾਨ ਇੰਡੀਆ, ਕਭੀ ਸਾਸ ਵੀ ਬਹੂ ਥੀ, ਮੋਹਨ ਦਾਸ ਐਲ ਐਲ ਬੀ, ਪੁਕਾਰ, ਚੌਂਕੀ ਨੰ 11,
ਅਪਰਾਧੀ, ਬਾਗਲੇ ਕੀ ਦੁਨੀਆਂ, ਹਿਨਾ, ਸੁਜਾਤਾ, ਸਵੇਰੇ, ਪ੍ਰਤੀਸੋਧ, ਚੇਹਰਾ ਆਦਿ। ਸੀਰੀਅਲਾਂ ਆਦਿ ਵਿੱਚ ਕੰਮ ਕਰਕੇ ਆਪਣੀ ਪ੍ਰਸਿੱਧੀ ਨੂੰ ਕਾਇਮ ਰੱਖਿਆ।

ਮੁੰਬਈ ਵਿਖੇ ਫ਼ਿਲਮਾਂ ਤੇ ਸੀਰੀਅਲਾਂ ਵਿਚ ਲੰਮਾ ਸਮਾਂ ਕੰਮ ਕਰਨ ਤੋਂ ਬਾਅਦ ਫਿਰ ਪੰਜਾਬੀ ਫ਼ਿਲਮਾਂ ਵਿਚ ਕੰਮ ਕਰਨ ਦੀ ਦੁਬਾਰਾ ਇੱਛਾ ਜਾਗੀ ਤਾਂ ਉਸਨੇ ਪਿਛਲੇ ਸਾਲ ਪੰਜਾਬੀ ਦੋ ਫ਼ਿਲਮਾਂ "ਹਵੇਲੀ ਇਨ ਟਰੱਬਲ 'ਤੇ"ਐਸ ਐਚ ਓ ਸ਼ੇਰ ਸਿੰਘ" ਵਿਚ ਆਪਣੀ ਵਿਲੱਖਣ ਅਦਾਕਾਰੀ ਦਾ ਸਬੂਤ ਦਿੱਤਾ। ਇਸ ਮਹੀਨੇ 15 ਮਾਰਚ ਨੂੰ ਡਾਇਰੈਕਟਰ ਦੇਵੀ ਸ਼ਰਮਾ ਤੇ ਪ੍ਰੋਡਿਊਸਰ ਗੁਰਦੀਪ ਪਨੇਚ ਦੀ ਪੰਜਾਬੀ ਫੀਚਰ ਫਿਲਮ "ਜੱਟੀ 15 ਮੁਰੱਬਿਆਂ ਵਾਲੀ" ਜੋ ਕਿ ਵੱਡੀ ਸਟਾਰ ਕਾਸਟ ਨਾਲ ਸ਼ਿੰਗਾਰੀ ਗਈ ਹੈ। ਇਸ ਫਿਲਮ ਵਿਚ ਆਰੀਆਂ ਬੱਬਰ, ਗੁਗਨੀ ਗਿੱਲ, ਲਖਵਿੰਦਰ ਸਿੰਘ, ਹਰਜੀਤ ਵਾਲੀਆਂ, ਸੁਸ਼ਮਾ ਪ੍ਰਸ਼ਾਂਤ ਆਦਿ ਹਨ। ਉਸ ਦੀਆ ਕੁਝ ਫ਼ਿਲਮਾਂ ਬਹੁਤ ਜਲਦੀ ਰੀਲੀਜ਼ ਹੋਣ ਵਾਲੀਆ ਹੈ ਜਿਵੇਂ
ਆਉਣ ਵਾਲੀਆਂ ਫ਼ਿਲਮਾਂ , 'ਹਸਰਤ', 'ਵਿਆਹ ਕਰਵਾ ਦੇ ਰੱਬਾ',
ਜੱਟੀ 15 ਮੁਰੱਬਿਆਂ ਵਾਲੀ' ਆਦਿ।
ਵੈਬ ਸੀਰੀਜ਼ 'ਟਿੰਕੂ ਕੀ ਦੂਲਹਨੀਆ'
'3 ਗਿਰਗਿਟ',

ਉਮੀਦ ਕਰਦੇ ਹਾਂ ਕਿ ਇਹ ਫਿਲਮ ਦਰਸ਼ਕਾਂ ਦੀ ਉਮੀਦ ਤੇ ਪੂਰਾ ਪੂਰਾ ਉਤਰੇਗੀ।

# ਅੰਗਰੇਜ਼ੀ ਇੰਨ ਪੰਜਾਬੀ (ਭਾਗ: ਦਸਵਾਂ)




ਆਰਮੀ ਜਾਂ ਕੈਂਟ ਹੈ, ਰੇਸ਼ੋ ਜਾਂ ਪ੍ਰਸੈਂਟ ਹੈ,
ਈਵੈਂਟ ਜਾਂ ਐਸੀਡੈਂਟ ਹੈ, ਡੀਲਰ ਜਾਂ ਮਰਚੈਂਟ ਹੈ,
ਪਰਮਿਟ ਜਾਂ ਪੇਟੈਂਟ ਹੈ, ਕੁੱਝ ਵੀ ਪੰਜਾਬੀ ਨ੍ਹੀ।

ਕੈਮੀਕਲ ਜਾਂ ਡ੍ਰਿੰਕ ਹੈ, ਰਿਫਿਲ ਭਾਵੇਂ ਇੰਕ ਹੈ,
ਕੰਪਰੈੱਸ ਜਾਂ ਸ਼੍ਰਿੰਕ ਹੈ, ਟਾਈ-ਅੱਪ ਜਾਂ ਲਿੰਕ ਹੈ,
ਬਲੂ ਚਾਹੇ ਪਿੰਕ ਹੈ, ਕੁੱਝ ਵੀ ਪੰਜਾਬੀ ਨ੍ਹੀ।

ਪਬਲਿਕ ਜਾਂ ਪਾਪੂਲੇਸ਼ਨ ਹੈ, ਵਾਸ਼ਿੰਗ ਜਾਂ ਵਾਸ਼-ਬੇਸਨ ਹੈ,
ਏਜੰਟ ਜਾਂ ਡੈਲੀਗੇਸ਼ਨ ਹੈ, ਲਾਇਬ੍ਰੇਰੀ ਜਾਂ ਪਬਲੀਕੇਸ਼ਨ ਹੈ,
ਕਲੇਮ ਜਾਂ ਐਲੀਗੇਸ਼ਨ ਹੈ, ਕੁੱਝ ਵੀ ਪੰਜਾਬੀ ਨ੍ਹੀ।

ਸਰਵਿਸ ਜਾਂ ਮਾਈਲੇਜ ਹੈ, ਡੈੱਥ ਭਾਵੇਂ ਏਜ ਹੈ,
ਹੋਲਡ ਜਾਂ ਅੰਗੇਜ ਹੈ, ਫਲੇਵਰ ਜਾਂ ਕਰੇਜ ਹੈ,
ਐਪੀਸੋਡ ਜਾਂ ਫੇਜ ਹੈ, ਕੁੱਝ ਵੀ ਪੰਜਾਬੀ ਨ੍ਹੀ।

ਕੁਇੱਕ ਜਾਂ ਇਮੀਜੇਟ ਹੈ, ਵੈੱਲ-ਡੰਨ ਜਾਂ ਅਲਟੀਮੇਟ ਹੈ,
ਪਰਸਨਲ ਜਾਂ ਪ੍ਰਾਈਵੇਟ ਹੈ, ਇੰਨਫੋਰਮ ਜਾਂ ਇੰਟੀਮੇਟ ਹੈ,
ਲਾਇਰ ਜਾਂ ਐਡਵੋਕੇਟ ਹੈ, ਕੁੱਝ ਵੀ ਪੰਜਾਬੀ ਨ੍ਹੀ।

ਅਪੀਲ ਜਾਂ ਰਿਕੁਐਸਟ ਹੈ, ਡਿਜ਼ਾਈਨਰ ਜਾਂ ਆਰਕੀਟੈਕਟ ਹੈ,
ਐਗਜ਼ੈਕਟ ਜਾਂ ਕਰੈਕਟ ਹੈ, ਪਾਲਿਸੀ ਭਾਵੇਂ ਟੈਕਟ ਹੈ,
ਕਮਿਟਮੈਂਟ ਜਾਂ ਕੰਟਰੈਕਟ ਹੈ, ਕੁੱਝ ਵੀ ਪੰਜਾਬੀ ਨ੍ਹੀ।

ਸੈਕਟਰੀ ਜਾਂ ਪੀਏ ਹੀ, ਅਕਾਉਂਟੈਂਟ ਜਾਂ ਸੀਏ ਹੈ,
ਐੱਮਏ ਭਾਵੇਂ ਬੀਏ ਹੈ, ਅਲਾਉਂਸ ਹੈ ਜਾਂ ਟੀਏ ਹੈ,
ਫੰਡ ਚਾਹੇ ਡੀਏ ਹੈ, ਕੁੱਝ ਵੀ ਪੰਜਾਬੀ ਨ੍ਹੀ।

ਜੋਬ ਜਾਂ ਰਿਟਾਇਰ ਹੈ, ਇਨਵੈਲਿਡ ਜਾਂ ਐਕਸਪਾਇਰ ਹੈ,
ਬਲੋਅਰ ਜਾਂ ਡਰਾਇਰ ਹੈ, ਬਿਗ੍ਰੇਡ ਭਾਵੇਂ ਫਾਇਰ ਹੈ,
ਸੇਲਰ ਜਾਂ ਸਪਲਾਇਰ ਹੈ, ਕੁੱਝ ਵੀ ਪੰਜਾਬੀ ਨ੍ਹੀ।

ਸਿਲਵਰ ਭਾਵੇਂ ਕਾਪਰ ਹੈ, ਪੁਅਰ ਹੈ ਜਾਂ ਟਾਪਰ ਹੈ,
ਕਲੋਜ਼ਰ ਜਾਂ ਸਟਾਪਰ ਹੈ, ਸਟਰਾਅ ਜਾਂ ਡਰਾਪਰ ਹੈ,
ਟਰੂ ਜਾਂ ਪਰਾਪਰ ਹੈ, ਕੁੱਝ ਵੀ ਪੰਜਾਬੀ ਨ੍ਹੀ।


ਸ਼ਟਰ ਜਾਂ ਗਰਿੱਲ ਹੈ, ਸਿੱਕ ਭਾਵੇਂ ਇੱਲ ਹੈ,
ਪਲੇਨ ਚਾਹੇ ਹਿੱਲ ਹੈ, ਮਰਡਰ ਭਾਵੇਂ ਕਿੱਲ ਹੈ,
ਟੋਟਲ ਜਾਂ ਬਿਲ ਹੈ, ਕੁੱਝ ਵੀ ਪੰਜਾਬੀ ਨ੍ਹੀ।

ਬੋਲੀਆਂ ਦਾ ਇਹ ਸੁਭਾਅ, ਰੋਮੀਆਂ ਮਸਤ ਆਜ਼ਾਦ ਵਹਾਅ,
ਸ਼ਬਦ ਜੋ ਸੌਖਾ ਫਿੱਟ ਜਾਏ ਆ, ਜਦੇ ਹੀ ਲੈਂਦੀਆਂ ਨੇ ਅਪਣਾਅ,
ਘੜਾਮੇਂ ਕਿਉਂ ਕਰਦੈਂ ਪਰਵਾਹ, ਕੀ ਟੋਹਰ ਇਹ ਨਵਾਬੀ ਨ੍ਹੀ?
(ਸ਼ਾਇਦ ਸਮਾਪਤ)

ਵਰਲਡ ਪੰਜਾਬੀ ਟਾਈਮਜ਼
ਰੋਮੀ ਘੜਾਮੇਂ ਵਾਲ਼ਾ

# ਡਾ.ਰਤਨ ਸਿੰਘ ਜੱਗੀ ਦੀ 'ਆਧੁਨਿਕ ਪੰਜਾਬੀ ਸਾਹਿਤ ਪਰਿਚਯ' ਪੁਸਤਕ ਮੀਲ ਪੱਥਰ

ਵਰਲਡ ਪੰਜਾਬੀ ਟਾਈਮਜ਼
ਉਜਾਗਰ ਸਿੰਘ



ਪੰਜਾਬੀ ਸਾਹਿਤ ਦੇ ਆਧੁਨਿਕ ਯੁਗ ਦੇ ਮੁੱਢਲੇ ਚਾਰ ਸਾਹਿਤਕਾਰਾਂ ਭਾਈ ਵੀਰ ਸਿੰਘ, ਪ੍ਰੋ.ਪੂਰਨ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ ਅਤੇ ਡਾ.ਮੋਹਨ ਸਿੰਘ ਦੀਵਾਨਾ ਦੇ ਆਪੋ ਆਪਣੇ ਖੇਤਰਾਂ ਦੇ ਯੋਗਦਾਨ ਬਾਰੇ ਡਾ.ਰਤਨ ਸਿੰਘ ਜੱਗੀ ਦੀ ਪੁਸਤਕ 'ਆਧੁਨਿਕ ਪੰਜਾਬੀ ਸਾਹਿਤ ਪਰਿਚਯ' ਨਵੀਂ ਪੀੜ੍ਹੀ ਦੇ ਵਿਦਿਆਰਥੀਆਂ ਲਈ ਇੱਕ ਮਾਰਗ ਦਰਸ਼ਕ ਪੁਸਤਕ ਸਾਬਤ ਹੋਵੇਗੀ। ਜਿਹੜੇ ਸਾਹਿਤਕਾਰ ਸਾਹਿਤ ਦੇ ਇਕ ਤੋਂ ਵੱਧ ਰੂਪਾਂ ਵਿੱਚ ਰਚਨਾਵਾਂ ਕਰਦੇ ਹਨ, ਆਮ ਤੌਰ ਤੇ ਉਨ੍ਹਾਂ ਬਾਰੇ ਇਕੱਠਿਆਂ ਜਾਣਕਾਰੀ ਨਹੀਂ ਮਿਲਦੀ ਪ੍ਰੰਤੂ ਡਾ.ਰਤਨ ਸਿੰਘ ਜੱਗੀ ਨੇ ਇਨ੍ਹਾਂ ਮੀਲ ਪੱਥਰ ਸਥਾਪਤ ਕਰਨ ਵਾਲੇ ਸਾਹਿਤਕਾਰਾਂ ਦੀਆਂ ਰਚਨਾਵਾਂ ਦਾ ਸਮੁੱਚਾ ਸੰਗਠਤ ਵਿਸ਼ਲੇਸ਼ਣ ਕਰਕੇ ਵਿਲੱਖਣ ਕਾਰਜ ਕੀਤਾ ਹੈ। ਇਨ੍ਹਾਂ ਚਾਰ ਸਾਹਿਤਕਾਰਾਂ ਬਾਰੇ ਲਿਖਣ ਤੋਂ ਪਹਿਲਾਂ ਡਾ.ਜੱਗੀ ਨੇ ਪੰਜਾਬੀ ਵਿੱਚ ਕਦੋਂ 'ਤੇ ਕਿਸਨੇ ਪੰਜਾਬੀ ਵਿੱਚ ਲਿਖਣਾ ਸ਼ੁਰੂ ਕੀਤਾ ਅਤੇ ਉਸ ਤੋਂ ਬਾਅਦ ਕਿਹੜੇ ਸਾਹਿਤਕਾਰਾਂ ਨੇ ਇਸ ਨੂੰ ਅੱਗੇ ਤੋਰਿਆ ਬਾਰੇ ਦੋ ਅਧਿਆਇ ਵਿੱਚ ਲਿਖਿਆ ਗਿਆ ਹੈ ਤਾਂ ਜੋ ਖੋਜਕਾਰਾਂ ਲਈ ਖੋਜ ਕਰਨ ਵਿੱਚ ਕੋਈ ਮੁਸ਼ਕਲ ਨਾ ਆਵੇ। ਡਾ.ਰਤਨ ਸਿੰਘ ਜੱਗੀ ਨੇ ਬਹੁਤ ਹੀ ਪ੍ਰਮਾਣਿਕਤਾ ਨਾਲ ਸਮੇਂ ਤੇ ਕਾਲ ਅਨੁਸਾਰ ਵੇਰਵੇ ਦਿੱਤੇ ਹਨ। ਪੰਜਾਬੀ ਆਲੋਚਨਾ ਦੀ ਪਹਿਲੀ ਸੰਗਠਤ ਪੁਸਤਕ ਕਹੀ ਜਾ ਸਕਦੀ ਹੈ।

ਪਹਿਲਾ ਅਧਿਆਇ ਸਾਹਿਤਕ ਪਿਛੋਕੜ: ਇਨ੍ਹਾਂ ਚਾਰ ਸਾਹਿਤਕਾਰਾਂ ਬਾਰੇ ਜਾਣਕਾਰੀ ਦੇਣ ਤੋਂ ਪਹਿਲਾਂ ਸਾਹਿਤਕ ਪਿਛੋਕੜ ਬਾਰੇ ਜਾਣਕਾਰੀ ਦਿੰਦਿਆਂ ਉਨ੍ਹਾਂ ਦੱਸਿਆ ਹੈ ਕਿ ਸਭ ਤੋਂ ਪਹਿਲਾਂ ਨਾਥ ਸਾਹਿਤ ਜਿਸ ਵਿੱਚ ਜੋਗੀਆਂ ਤੇ ਸਿੱਧਾਂ ਦੀਆਂ ਬਾਣੀਆਂ, ਸੂਫ਼ੀ ਸਾਹਿਤ ਵਿੱਚ ਸ਼ੇਖ਼ ਫ਼ਰੀਦ-ਉਦ-ਦੀਨ ਮਸਊਦ ਗੰਜ-ਏ ਸ਼ਕਰ ਅਤੇ ਲੋਕ ਸਾਹਿਤ ਰਚਿਆ ਗਿਆ। ਲੋਕ-ਧਾਰਾ ਇਸ ਕਾਲ ਦੀ ਤੀਜੀ ਸਾਹਿਤਕ ਪ੍ਰਵਿਰਤੀ ਹੈ। ਲੋਕ ਧਾਰਾ ਦਾ ਸੁੰਦਰ ਨਮੂਨਾ ਨੌਂ ਵਾਰਾਂ ਹਨ। ਫਿਰ ਗੁਰਮਤਿ ਕਾਵਿ ਧਾਰਾ ਦਾ ਆਰੰਭ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਹੋਇਆ। ਪੰਜਵੇਂ ਗੁਰੂ ਸ੍ਰੀ ਗੁਰੂ ਅਰਜਨ ਦੇਵ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਕਰਕੇ ਬਾਬਾ ਫਰੀਦ ਦੇ 4 ਸ਼ਬਦ ਅਤੇ 112 ਸ਼ਲੋਕ, ਭਗਤਾਂ, ਸੰਤਾਂ, ਭੱਟਾਂ ਦੀ ਬਾਣੀ ਸ਼ਾਮਲ ਕਰ ਲਈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਗੁਰੂ ਤੇਗ ਬਹਾਦਰ ਦੀ ਬਾਣੀ ਸ਼ਾਮਲ ਕੀਤੀ। ਕਾਵਿਧਾਰਾ ਵਿੱਚ ਭਾਈ ਗੁਰਦਾਸ ਪ੍ਰਮੁੱਖ ਕਵੀ ਸਨ। ਲੋਕ-ਧਾਰਾ ਇਸ ਕਾਲ ਦੀ ਤੀਜੀ ਸਾਹਿਤਕ ਪ੍ਰਵਿਰਤੀ ਹੈ। ਇਸ ਕਾਲ ਦੀ ਤੀਜੀ ਕਾਵਿਧਾਰਾ ਕਿੱਸਾਕਾਰੀ ਹੈ। ਇਸ ਸਮੇਂ ਰੁਮਾਂਟਿਕ ਗੱਲਾਂ ਸ਼ਾਮਲ ਕੀਤੀਆਂ ਗਈਆਂ। ਵਾਰਤਕ ਇਸ ਕਾਲ ਦੀ ਅੰਤਮ ਅਤੇ ਮਹੱਤਵਪੂਰਣ ਸਾਹਿਤਕ ਧਾਰਾ ਹੈ। ਜਨਮ ਸਾਖੀਆਂ ਵਾਰਤਕ ਦਾ ਹੀ ਰੂਪ ਹਨ। ਮੱਧ ਕਾਲ ਅਠਾਰਵੀਂ ਸਦੀ ਨੂੰ ਮੰਨਿਆਂ ਗਿਆ। ਇਸ ਸਮੇਂ ਦਮੋਦਰ ਗੁਲਾਟੀ ਤੋਂ ਸ਼ੁਰੂ ਹੋ ਕੇ ਸਭ ਤੋਂ ਵਧੇਰੇ ਕਿੱਸੇ ਲਿਖੇ ਗਏ, ਵਾਰਿਸ ਸ਼ਾਹ ਦੀ ਹੀਰ ਸ਼ਾਹਕਾਰ ਗਿਣੀ ਗਈ ਹੈ। ਨੌਂ ਵਾਰਾਂ, ਜੰਗਨਾਮੇ ਅਤੇ ਗੁਰਬਿਲਾਸ ਦੀ ਰਚਨਾ ਹੋਈ।

ਜਾਗਰਣ ਅਵਧੀ: ਇਹ 19ਵੀਂ ਸਦੀ ਦਾ ਸਮਾਂ ਸੀ ਜਦੋਂ ਕਿੱਸਾ ਕਾਵਿ ਸਿਖ਼ਰ 'ਤੇ ਪਹੁੰਚਿਆ। ਇਸ ਸਮੇਂ ਬਹੁਤ ਸਾਰੇ ਕਿੱਸਾਕਾਰ ਹੋਏ ਡਾ.ਰਤਨ ਸਿੰਘ ਜੱਗੀ ਨੇ ਲਗਪਗ ਸਾਰੇ ਕਿੱਸਾਕਾਰਾਂ ਅਤੇ ਉਨ੍ਹਾਂ ਦੇ ਕਿੱਸਿਆਂ ਬਾਰੇ ਸੰਖੇਪ ਵਿੱਚ ਦੱਸਿਆ ਹੈ। ਇਸ ਦੌਰਾਨ ਹੀ ਕਵੀਸ਼ਰੀ ਦੀ ਸ਼ੁਰੂਆਤ ਹੋਈ। ਮੁੱਖ ਰੂਪ ਵਿੱਚ ਕਵੀਸ਼ਰੀ ਪੰਜਾਬੀ ਦੀ ਮਲਵਈ ਭਾਸ਼ਾ ਵਿੱਚ ਲਿਖੀ ਜਾਂਦੀ ਸੀ। ਕਵੀਸ਼ਰੀ ਦੇ ਸਮੇਂ ਸੂਫ਼ੀਕਾਵਿ ਦਾ ਅਸਰ ਘੱਟ ਗਿਆ। ਧਰਮਾ ਦੇ ਕਾਵਿ ਦਾ ਜ਼ੋਰ ਰਿਹਾ। 19ਵੀਂ ਸਦੀ ਦੇ ਅਖ਼ੀਰ ਵਿੱਚ ਸਾਹਿਤ ਦੇ ਅਨੇਕਾਂ ਰੂਪ ਸ਼ੁਰੂ ਹੋਏ ਜਿਨ੍ਹਾਂ ਵਿੱਚ ਸਫ਼ਰਨਾਮਾ, ਨਾਟਕ, ਨਾਵਲ, ਧਾਰਮਿਕ ਸਾਹਿਤ ਅਤੇ ਪੱਤਰਕਾਰੀ ਸਾਹਿਤ ਆਦਿ। ਇਸ ਸਮੇਂ ਬਹੁਤ ਸਾਰੇ ਅਖ਼ਬਾਰ ਪ੍ਰਕਾਸ਼ਤ ਹੋਣ ਲੱਗੇ ਡਾ.ਰਤਨ ਸਿੰਘ ਜੱਗੀ ਨੇ ਸਾਰੇ ਅਖ਼ਬਾਰਾਂ ਦਾ ਵਿਵਰਣ ਦਿੱਤਾ ਹੈ। ਸਾਰੀਆਂ ਸਾਹਿਤਕ ਪ੍ਰਵਿਰਤੀਆਂ ਬਾਰੇ ਚਾਨਣਾ ਪਾਇਆ।

ਧਰਮ ਸਾਧਕ ਭਾਈ ਵੀਰ ਸਿੰਘ: ਡਾ.ਰਤਨ ਸਿੰਘ ਜੱਗੀ ਅਨੁਸਾਰ ਭਾਈ ਵੀਰ ਸਿੰਘ ਨੂੰ ਆਧੁਨਿਕ ਪੰਜਾਬੀ ਵਾਰਤਕ ਦਾ ਮੋਢੀ ਕਿਹਾ ਜਾ ਸਕਦਾ। ਉਸ ਨੇ 1898 ਆਪਣੀ ਪਹਿਲੀ ਵਾਰਤਕ ਪੁਸਤਕ ਸੁੰਦਰੀ ਪ੍ਰਕਾਸ਼ਤ ਕਰਵਾਈ ਸੀ। ਉਸ ਦਾ ਮੁੱਖ ਮੰਤਵ ਸਿੱਖ-ਧਰਮ ਅਤੇ ਗੁਰਮਤਿ ਦਰਸ਼ਨ ਦੀ ਸਮਕਾਲੀ ਪ੍ਰਸਥਿਤੀਆਂ ਵਿੱਚ ਨਵੀਨ ਢੰਗ ਨਾਲ ਵਿਆਖਿਆ ਕਰਨਾ ਸੀ। ਉਸ ਨੇ ਲਗਪਗ ਤਿੰਨ ਦਰਜਨ ਪੁਸਤਕਾਂ ਸਾਹਿਤ ਦੇ ਵੱਖ-ਵੱਖ ਰੂਪਾਂ ਵਿੱਚ ਪ੍ਰਕਾਸ਼ਤ ਕਰਵਾਈਆਂ। ਇਕ ਸੰਸਥਾ ਜਿਤਨਾ ਕੰਮ ਕੀਤਾ। ਉਸ ਦੀ ਸਾਰੀ ਵਾਰਤਕ, ਨਾਵਲ, ਜਨਮ ਸਾਖੀਆਂ, ਲੇਖ, ਟ੍ਰੈਕਟ, ਨਾਟਕ, ਧਾਰਮਿਕ ਰੰਗ ਵਿੱਚ ਰੰਗੇ ਹੋਏ ਸਨ। ਉਨ੍ਹਾਂ ਅਧਿਆਤਮਿਕਤਾ ਦਾ ਰਸਤਾ ਚੁਣਿਆ। ਪੱਤਰਕਾਰੀ ਵਿੱਚ ਵੀ ਵਰਨਣਯੋਗ ਕਾਰਜ ਕੀਤਾ। ਸੰਸਥਾਵਾਂ ਬਣਾਈਆਂ, ਖਾਲਸਾ ਸਮਾਚਾਰ ਸਪਤਾਹਿਕ ਸ਼ੁਰੂ ਕੀਤਾ। ਸੰਥ੍ਰਯਾ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਉਨ੍ਹਾਂ ਦੀ ਮੌਤ ਹੋਣ ਕਰਕੇ ਅੱਧ ਵਿਚਕਾਰ ਰਹਿ ਗਈ। ਉਨ੍ਹਾਂ ਦੀ ਖ਼ੂਬੀ ਇਹ ਰਹੀ ਕਿ ਉਰਦੂ, ਅੰਗਰੇਜ਼ੀ ਤੇ ਬ੍ਰਜ ਭਾਸ਼ਾ ਦਾ ਬੋਲਬਾਲਾ ਹੋਣ ਦੇ ਬਾਵਜੂਦ ਉਨ੍ਹਾਂ ਨੇ ਪੰਜਾਬੀ ਵਿੱਚ ਲਿਖਣ ਨੂੰ ਚੁਣਿਆਂ। ਉਨ੍ਹਾਂ ਦੀਆਂ ਤਿੰਨ ਪੁਸਤਕਾਂ ਗੁਰੂ ਨਾਨਕ ਚਮਤਕਾਰ, ਕਲਗੀਧਰ ਚਮਤਕਾਰ ਅਤੇ ਅਸ਼ਟਗੁਰ ਚਮਤਕਾਰ ਦਾ ਮਨੋਰਥ ਸਿੱਖ ਜੀਵਨ, ਸਿੱਖ ਸਮਾਜ, ਸਿੱਖ ਇਤਿਹਾਸ ਅਤੇ ਸਿੱਖ ਦਰਸ਼ਨ ਨੂੰ ਘੋਖਣਾ ਅਤੇ ਯੁਗ ਅਨੁਰੂਪ ਉਸ ਦਾ ਵਿਸ਼ਲੇਸ਼ਣ ਕਰਨਾ ਸੀ ਜੋ ਮੀਲ ਪੱਥਰ ਸਾਬਤ ਹੋਈਆਂ। ਉਨ੍ਹਾਂ ਦੇ ਸਾਖੀ ਪ੍ਰਸੰਗ ਇਕ ਕਿਸਮ ਨਾਲ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਟੀਕਾ ਹਨ। ਗੁਰ ਪ੍ਰਤਾਪ ਸੂਰਜ ਗ੍ਰੰਥਾਵਲੀ ਚੌਦਾਂ ਭਾਗਾਂ ਵਿੱਚ ਸੰਪਾਦਿਤ ਕੀਤੀ। ਉਨ੍ਹਾਂ ਪੰਜਾਬੀ ਦਾ ਖਿੰਡਿਆ ਪੁੰਡਿਆ ਸਾਹਿਤ ਇਕੱਠਾ ਕਰਕੇ ਸੰਪਾਦਿਤ ਕੀਤਾ। ਡਾ.ਰਤਨ ਸਿੰਘ ਜੱਗੀ ਨੇ ਬਾਖ਼ੂਬੀ ਭਾਈ ਵੀਰ ਸਿੰਘ ਦੀਆਂ ਰਚਨਾਵਾਂ ਦਾ ਵਿਵਰਣ ਸਿਸਟੇਮੈਟਿਕ ਢੰਗ ਨਾਲ ਕੀਤਾ ਹੈ।

ਅਲਬੇਲਾ ਸਾਹਿਤਕਾਰ ਪ੍ਰੋ.ਪੂਰਨ ਸਿੰਘ: ਪ੍ਰੋ.ਪੂਰਨ ਸਿੰਘ ਅਲਬੇਲਾ ਰਹੱਸਵਾਦੀ ਤੇ ਵਿਸਮਾਦੀ ਸਾਹਿਤਕਾਰ ਸੀ। ਉਹ 50 ਸਾਲ ਦੀ ਉਮਰ ਵਿੱਚ ਇਸ ਸੰਸਾਰ ਨੂੰ ਅਲਵਿਦਾ ਕਹਿ ਗਿਆ। ਪ੍ਰੰਤੂ ਇਤਨੇ ਥੋੜ੍ਹੇ ਜਿਹੇ ਸਮੇਂ ਵਿੱਚ ਸਿੱਖ ਧਰਮ ਅਤੇ ਹੋਰ ਕਈ ਵਿਸ਼ਿਆਂ ਦੀਆਂ 40 ਪੁਸਤਕਾਂ ਅੰਗਰੇਜ਼ੀ, ਹਿੰਦੀ, ਪੰਜਾਬੀ ਅਤੇ ਅਨੁਵਾਦ ਦੀਆਂ ਲਿਖ ਗਿਆ। ਇਤਨੇ ਥੋੜ੍ਹੇ ਸਮੇਂ ਵਿੱਚ ਪੰਜਾਬੀ, ਅੰਗਰੇਜ਼ੀ ਅਤੇ ਹਿੰਦੀ ਭਾਸ਼ਾਵਾਂ ਵਿੱਚ ਇਤਨਾ ਸਾਹਿਤ ਰਚ ਦਿੱਤਾ, ਜਿਸ ਦਾ ਕਿਆਸ ਵੀ ਨਹੀਂ ਕੀਤਾ ਜਾ ਸਕਦਾ। ਉਸ ਤੇ ਗੁਰਮਤਿ ਦਾ ਬਹੁਤ ਪ੍ਰਭਾਵ ਸੀ। ਉਹ ਦਾਰਸ਼ਨਿਕ ਚਿੰਤਕ, ਸਾਹਿਤਕਾਰ ਅਤੇ ਸੰਪਾਦਕ ਸੀ। ਪੰਜਾਬੀ ਅਤੇ ਬ੍ਰਜ ਭਾਸ਼ਾ ਬਹੁਤ ਸਾਰਾ ਖਿੱਲਰਿਆ ਪਏ ਸਾਹਿ ਦੀ ਉਸ ਨੇ ਸੰਪਾਦਨਾ ਦਾ ਕੰਮ ਵੱਡੇ ਪੱਧਰ 'ਤੇ ਕੀਤਾ। ਗੁਰਮਤਿ ਅਤੇ ਸਿੱਖ ਮਤ ਦੇ ਵਿਸ਼ਲੇਸ਼ਣ ਤੋਂ ਇਲਾਵਾ ਪੰਜਾਬੀ ਦਾ ਇਕ ਮਹਾਨ ਸਾਹਿਤਕਾਰ ਸੀ, ਉਹ ਪੰਜਾਬੀ ਜਗਤ ਵਿੱਚ ਇਕ ਵਾ ਵਰੋਲੇ ਦੀ ਤਰ੍ਹਾਂ ਅਇਆ ਅਤੇ ਆਪਣੀ ਹੋਂਦ ਦਾ ਅਹਿਸਾਸ ਕਰਵਾਕੇ ਛਾਂਈਂ ਮਾਂਈਂ ਹੋ ਗਿਆ। ਉਸ ਦੇ ਖੁਲ੍ਹੇ ਲੇਖ ਪੰਜਾਬੀਆਂ ਦੇ ਦਿਲਾਂ ਨੂੰ ਛੂਹ ਗਏ। ਉਸ ਦੀ ਵਾਰਤਕ ਵੀ ਕਾਵਿਮਈ ਹੈ। ਉਸ ਦੀ ਹਰ ਗੱਲ, ਹਰ ਬੋਲ, ਹਰ ਸ਼ਬਦ, ਹਰ ਵਾਕ ਹਰ ਲੇਖ, ਹਰ ਕਵਿਤਾ, ਹਰ ਪੁਸਤਕ ਸਭ ਕੁਝ ਅਨੋਖਾ ਤੇ ਨਿਵੇਕਲਾ ਸੀ। ਸ਼ਬਦਾਂ ਦਾ ਪਰਵਾਹ ਆਪ ਮੁਹਾਰੇ ਉਸਦੇ ਅੰਦਰੋਂ ਆਉਂਦਾ ਰਹਿੰਦਾ ਸੀ। ਉਹ ਕੋਈ ਵੀ ਰਚਨਾ ਸਜੱਗ ਹੋ ਕੇ ਨਹੀਂ ਸਗੋਂ ਜੋ ਦਿਲ ਵਿੱਚ ਆ ਗਿਆ ਉਹ ਹੀ ਲਿਖ ਦਿੰਦਾ ਸੀ। ਆਧੁਨਿਕ ਕਾਲ ਦਾ ਉਹ ਪ੍ਰਮੁੱਖ ਕਵੀ ਹੈ। ਉਹ ਛੰਦ ਬੱਧ ਕਵਿਤਾ ਨਹੀਂ ਸਗੋਂ ਖੁਲ੍ਹੀ ਕਵਿਤਾ ਲਿਖਦਾ ਸੀ। ਉਹ ਪ੍ਰਕ੍ਰਿਤੀ ਵਿੱਚੋਂ ਲੈ ਕੇ ਬਿੰਬ ਵਰਤਦਾ ਸੀ। ਉਸ ਦੀ ਲੇਖਣੀ ਭਾਵਨਾ ਦੀ ਤਸਵੀਰ ਖਿੱਚ ਦਿੰਦੀ ਸੀ।


Êਪ੍ਰਮੁੱਖ ਵਾਰਤਕ-ਕਾਰ ਗੁਰਬਖ਼ਸ਼ ਸਿੰਘ ਪ੍ਰੀਤਲੜੀ: ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੂੰ ਡਾ.ਜੱਗੀ ਨੇ ਨਵੀਂ ਵਾਰਤਕ ਦੇ ਅਲੰਬਰਦਾਰ ਦਾ ਦਰਜਾ ਦਿੱਤਾ ਹੈ ਕਿਉਂਕਿ ਉਸ ਨੇ ਵਾਰਤਕ ਨੂੰ ਪੁਰਾਤਨਤਾ ਵਿੱਚੋਂ ਕੱਢਕੇ ਨਵਾਂ ਮੂੰਹ ਮੱਥਾ ਪ੍ਰਦਾਨ ਕੀਤਾ ਹੈ। ਸਿੱਖ ਧਰਮ ਅਤੇ ਸਭਿਆਚਾਰ ਬਾਰੇ ਆਧੁਨਿਕ ਪਰਿਪੇਖ ਵਿੱਚ ਉਦਾਰਤਾ ਨਾਲ ਸੋਚਣ ਅਤੇ ਆਧੁਨਿਕ ਪੰਜਾਬੀ ਵਾਰਤਕ ਵਿੱਚ ਨਿਖ਼ਾਰ ਲਿਆਂਦਾ। ਉਸ ਦੀ ਸਾਰੀ ਰਚਨਾ ਦਾ ਆਧਾਰ ਪਿਆਰ ਦਾ ਸੰਕਲਪ ਹੈ, ਜੋ ਸਹਿਜ ਪ੍ਰੀਤ ਦੇ ਦੁਆਲੇ ਘੁੰਮਦਾ ਹੈ। ਉਸ ਨੇ ਸਾਹਿਤ ਦੇ ਲਗਪਗ ਸਾਰੇ ਰੂਪਾਂ ਤੇ ਹੱਥ ਅਜਮਾਇਆ ਅਤੇ 55 ਪੁਸਤਕਾਂ ਲਿਖੀਆਂ, ਜਿਨ੍ਹਾਂ ਵਿੱਚ 31 ਲੇਖ ਸੰਗ੍ਰਹਿ, ਤਿੰਨ ਨਾਵਲ ਪੰਜ ਇਕਾਂਗੀ ਸੰਗ੍ਰਹਿ, 11 ਕਹਾਣੀ ਸੰਗ੍ਰਹਿ, ਪੰਜ ਕਹਾਣੀ ਸੰਗ੍ਰਹਿ ਬੱਚਿਆਂ ਲਈ ਅਤੇ ਸਫਰਨਾਵਾਂ ਸ਼ਾਮਲ ਹੈ। ਪਿਆਰ ਦਾ ਸੰਕਲਪ ਉਸ ਦਾ ਮਾਂਗਵਾਂ ਸੀ, ਜਿਸ ਕਰਕੇ ਬਹੁਤਾ ਸਫਲ ਨਹੀਂ ਹੋਇਆ। ਆਸ਼ਾਵਾਦੀ ਅਤੇ ਆਦਰਸ਼ਵਾਦ ਦਾ ਮੁੱਦਈ ਬਣਕੇ ਲਿਖਦਾ ਰਿਹਾ। ਪ੍ਰੀਤ ਤੇ ਆਦਰਸ਼ਵਾਦ ਦਾ ਸਿਧਾਂਤ ਸਮੇਂ ਦਾ ਹਾਣੀ ਨਹੀਂ ਬਣ ਸਕਿਆ। ਉਸ ਤੋਂ ਬਾਅਦ ਉਸ ਨੇ ਸਮਾਜਵਾਦ ਵੱਲ ਝੁਕਾਅ ਕਰ ਲਿਆ। ਉਹ ਸਮਝਦਾ ਸੀ ਕਿ ਸਾਹਿਤ ਮਨਪ੍ਰਚਾਵੇ ਲਈ ਨਹੀਂ ਸਗੋਂ ਸਮਾਜ ਲਈ ਹੋਣਾ ਚਾਹੀਦਾ। ਉਸ ਦੀਆਂ ਰਚਨਾਵਾਂ ਵਿੱਚ ਸੁਪਨੇ ਸਿਰਜਣਾ ਹੁੰਦਾ ਸੀ, ਜੋ ਕਦੀ ਪੂਰੇ ਨਹੀਂ ਹੁੰਦੇ। ਉਸ ਦੀਆਂ ਰਚਨਾਵਾਂ ਜਾਤ-ਪਾਤ, ਵਹਿਮਾ ਭਰਮਾ, ਊਚ ਨੀਚ ਅਤੇ ਛੂਤ-ਛਾਤ ਦੇ ਵਿਰੁੱਧ ਹਨ। ਅਮਨ ਲਹਿਰ ਦੇ ਹੱਕ ਵਿੱਚ ਵੀ ਲਿਖਦਾ ਰਿਹਾ। ਅਸਲੀ ਅਰਥਾਂ ਵਿੱਚ ਉਹ ਮਾਨਵਵਾਦੀ ਸੀ। ਉਸ ਦੀ ਸ਼ੈਲੀ ਪੱਛਮ ਦਾ ਪ੍ਰਭਾਵ ਹੋਣ ਕਰਕੇ ਨਿਵੇਕਲੀ ਹੈ, ਉਹ ਉਰਦੂ ਅਤੇ ਅੰਗਰੇਜ਼ੀ ਦੇ ਸ਼ਬਦ ਵੀ ਵਰਤਦਾ ਹੈ, ਜਿਸ ਕਰਕੇ ਉਸਦੀ ਵੱਖਰੀ ਪਛਾਣ ਹੈ। ਪਾਠਕ ਨੂੰ ਆਪਣੇ ਨਾਲ ਜੋੜ ਲੈਂਦਾ ਹੈ, ਰੌਚਿਕਤਾ ਬਣਾਈ ਰੱਖਦਾ ਹੈ, ਕੋਹਜ ਨੂੰ ਸਹਜ ਵਿੱਚ ਬਦਲ ਦਿੰਦਾ ਹੈ, ਵਿਵੇਕ ਪ੍ਰਧਾਨ ਸ਼ੈਲੀ ਹੈ।

Êਪ੍ਰਬੁੱਧ ਵਿਦਵਾਨ ਡਾ.ਮੋਹਨ ਸਿੰਘ ਦੀਵਾਨਾ: ਡਾ.ਮੋਹਨ ਸਿੰਘ ਦੀਵਾਨਾ ਮਹਾਨ ਸਿੱਖ ਚਿੰਤਕ, ਪ੍ਰਤੀਬੱਧ ਸੰਤ ਕਵੀ ਯੋਗ ਸਾਧਕ ਸੀ। ਉਹ ਗਿਆਨ ਦਾ ਮੁਜੱਸਮਾ ਸਨ ਕਿਉਂਕਿ ਧਰਮ, ਇਤਿਹਾਸ, ਦਰਸ਼ਨ, ਭਾਸ਼ਾ, ਕਾਵਿ ਸ਼ਾਸ਼ਤ੍ਰ, ਸਭਿਅਚਾਰ ਆਦਿ ਅਨੇਕ ਵਿਸ਼ਿਆਂ ਬਾਰੇ ਵਿਸਤ੍ਰਿਤ ਗਿਆਨ ਪ੍ਰਾਪਤ ਕੀਤਾ ਸੀ। ਅੰਗਰੇਜ਼ੀ, ਹਿੰਦੀ, ਉਰਦੂ ਪੰਜਾਬੀ ਭਾਸ਼ਾਵਾਂ ਦੇ ਸਾਹਿਤ ਦੇ ਸਾਰੇ ਰੂਪਾਂ ਵਿੱਚ ਲਿਖਿਆ। ਉਨ੍ਹਾਂ ਦੀਆਂ 25 ਤੋਂ ਵੱਧ ਮੌਲਿਕ ਤੇ ਸੰਪਾਦਿਤ ਪੁਸਤਕਾਂ ਪ੍ਰਕਾਸ਼ਤ ਹੋਈਆਂ, ਜਿਨ੍ਹਾਂ ਵਿੱਚ 8 ਪੰਜਾਬੀ ਦੇ ਕਾਵਿ ਸੰਗ੍ਰਹਿ ਸ਼ਾਮਲ ਹਨ । ਡਾ.ਜੱਗੀ ਨੇ ਡਾ. ਮੋਹਨ ਸਿੰਘ ਦੀਵਾਨਾਂ ਦੇ ਸਾਹਿਤਕ ਯੋਗਦਾਨ ਬਾਰੇ ਵਿਸਤਾਰ ਪੂਰਬਕ ਜਾਣਕਾਰੀ ਦਿੱਤੀ ਹੈ। ਉਨ੍ਹਾਂ ਅਨੇਕ ਪ੍ਰਕਾਰ ਦੇ ਰੂਪਕਾਰਾਂ ਵਿੱਚ ਕਾਵਿ ਰਚਨਾ ਕੀਤੀ। ਉਸ ਨੇ ਪ੍ਰਕ੍ਰਿਤੀ ਬਾਰੇ ਵੀ ਕਵਿਤਾਵਾਂ ਲਿਖੀਆਂ। ਉਨ੍ਹਾਂ ਨੂੰ ਵਿਦਵਤਾ ਦਾ ਸੂਰਜ ਕਿਹਾ ਜਾਂਦਾ ਸੀ। ਉਹ ਇਕ ਸਾਕਾਰ ਪ੍ਰਤਿਭਾ ਸਨ। ਉਹ ਖੁਲ੍ਹੀ ਕਵਿਤਾ ਦਾ ਸਿੱਧ-ਹਸਤ ਕਵੀ ਸੀ। ਡਾ.ਦੀਵਾਨਾ ਦੀ ਪ੍ਰਗੀਤ-ਸਿਰਜਨਾ ਦੀ ਨੁਹਾਰ ਕਲਾਸੀਕਲ ਹੈ। ਉਹ ਫਿਲਾਸਫਰ ਕਵੀ ਸੀ। ਉਸ ਦੀ ਕਵਿਤਾ ਵਿੱਚ ਦੋ ਰੂਪ ਉਘੜ ਹਨ। ਇਕ ਕਾਮ ਅਧਾਰਿਤ ਦੂਜਾ ਸੱਚਾ ਸੁੱਚਾ। ਉਨ੍ਹਾਂ ਰੁਬਾਈਆਂ ਵੀ ਲਿਖੀਆਂ। ਉਨ੍ਹਾਂ ਨੂੰ ਰੁਬਾਈ ਸਮਰਾਟ ਕਿਹਾ ਜਾਂਦਾ ਹੈ। ਡਾ.ਰਤਨ ਸਿੰਘ ਜੱਗੀ ਦੀ ਇਹ ਪੁਸਤਕ ਖੋਜਕਾਰਾਂ ਲਈ ਲਾਭਦਾਇਕ ਸਾਬਤ ਹੋਵੇਗੀ ਕਿਉਂਕਿ ਉਨ੍ਹਾਂ ਤੱਥਾਂ ਅਤੇ ਹਵਾਲਿਆਂ ਨਾਲ ਜਾਣਕਾਰੀ ਦਿੱਤੀ ਹੈ।

217 ਪੰਨਿਆਂ, 500 ਰੁਪਏ ਕੀਮਤ ਵਾਲੀ ਇਹ ਪੁਸਤਕ ਗ੍ਰੇਸੀਅਸ ਬੁਕਸ ਪਟਿਆਲਾ ਨੇ ਪ੍ਰਕਾਸ਼ਤ ਕੀਤੀ ਹੈ।

# ਫੱਗਣ ਤੇ ਰੁੱਖ

ਮਹੀਨਾ ਚੰਗਾ ਹੁੰਦੈ ਫੱਗਣ ਤੇ ਸਾਉਣ ਦਾ
ਵਿਹਲੀਆਂ ਥਾਵਾਂ ਦੇ ਉੱਤੇ ਰੁੱਖ ਲਾਉਣ ਦਾ
ਪੰਜ ਪੰਜ ਰੁੱਖ ਆਪਾਂ ਸਾਰੇ ਲਾ ਦੀਏ
ਮਨੁੱਖਤਾ ਦੀ ਸੇਵਾ ਵਿੱਚ ਹਿੱਸਾ ਪਾ ਦੀਏ
ਵਾੜ ਕਰ ਰੁੱਖਾਂ ਨੂੰ ਪਾਣੀ ਵੀ ਪਾਈਏ ਜੀ
ਚੰਗਾ ਕੰਮ ਸ਼ੁੱਧ ਵਾਤਾਵਰਨ ਬਣਾਈਏ ਜੀ
ਠੰਡੀ ਹਵਾ ਮਿਲੂ ਜਦੋਂ ਲਹਿ ਲਹਾਉਣਗੇ
ਨਾਲ਼ੇ ਉੱਤੇ ਪੰਛੀ ਆਲ੍ਹਣੇ ਵੀ ਪਾਉਣਗੇ
ਫੁੱਲ ਫ਼ਲ ਨਾਲ਼ੇ ਠੰਡੀ ਛਾਂ ਦੇਣਗੇ
ਤੋੜ ਦੇਣ ਨਾ ਅਵਾਰਾ ਪਸ਼ੂ, ਤਾਂ ਦੇਣਗੇ
ਕੁਦਰਤ ਨਾਲ਼ ਜਿਹੜਾ ਕਰੇ ਮੋਹ ਜੀ
ਸਭ ਨੂੰ ਪਿਆਰਾ ਲੱਗੇ ਬੰਦਾ ਉਹ ਜੀ
ਰੁੱਤ ਪਤਝੜ ਲੰਘੀ ਤੇ ਬਸੰਤ ਆ ਗਈ
ਨਵੀਆਂ ਕਰੂੰਬਲਾਂ ਫੁੱਟਣ ਲਾ ਗਈ
ਛੇਤੀ ਕਰ "ਫ਼ੌਜੀਆ" ਤੂੰ ਖੁੰਝ ਜਾਈਂ ਨਾ
ਹੋਰਾਂ ਨੂੰ ਵੀ ਕਹਿ ਐਵੇਂ ਦੇਰ ਲਾਈਂ ਨਾ




ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਫ਼ੌਜੀ